Excellence in Agri Info

KHETI DUNIYAN, PATIALA

ਭਾਰਤ ਦਾ ਇੱਕੋ-ਇੱਕ ਪੰਜਾਬੀ ਖੇਤੀਬਾੜੀ ਅਖ਼ਬਾਰ (ਨਿਊਜ਼-ਪੇਪਰ)

# ਖੇਤੀ ਦੁਨੀਆਂ

Rs.10/-

www.khetiduniyan.in

Postage Regd. No. PB/PTA/0338/2025-2027



ਖੇਤੀ ਸੰਬੰਧੀ ਸੰਪੂਰਣ ਜਾਣਕਾਰੀ ਲਈ

ਖੇਤੀ ਦੁਨੀਆਂ ਦੇ ਮੈਂਬਰ ਬਣੋ

ਇੱਕ ਸਾਲ ਲਈ 300/- ਰੁਪਏ

ਦੋ ਸਾਲ ਲਈ 500/- ਰੁਪਏ


ਚੰਦੇ ਭਰਨ ਲਈ QR ਕੋਡ ਸਕੈਨ ਕਰੋ।



Editor : Jagpreet Singh • RNI/PUNPUN00806 • Issue Dated 30-08-2025 • Vol.43 No.35 • M. 90410-14575 • Page 16 E-mail : khetiduniyan1983@gmail.com


# ਆਲੂਆਂ ਦਾ ਨਿਰੋਗੀ ਬੀਜ- ਰੋਗ ਰਹਿਤ ਫ਼ਸਲ ਦਾ ਆਧਾਰ

ਰੋਗ-ਰਹਿਤ ਬੀਜ ਉੱਚ-ਗੁਣਵੱਤਾ ਵਾਲੇ ਆਲੂ ਉਤਪਾਦਨ ਦੀ ਬੁਨਿਆਦ ਹੈ। ਰੋਗੀ ਬੀਜ ਆਲੂਆਂ ਦੀ ਫ਼ਸਲ ਵਿੱਚ ਬਿਮਾਰੀਆਂ ਦਾ ਮੁੱਖ ਸੋਮਾ ਹੁੰਦੇ ਹਨ, ਇਸ ਲਈ ਕੋਲਡ ਸਟੋਰਾਂ ਵਿੱਚੋਂ ਬਾਹਰ ਕੱਢਣ ਮਗਰੋਂ ਆਲੂਆਂ ਦੀ ਜਾਂਚ-ਪੜਤਾਲ ਅਤੇ ਰੋਗੀ ਆਲੂਆਂ ਦੀ ਛਾਂਟੀ



ਬਹੁਤ ਜ਼ਰੂਰੀ ਹੈ। ਆਲੂਆਂ ਦਾ ਵਿਸ਼ਾਣੂੰ ਰੋਗ, ਪਿਛੇਤਾ ਝੁਲਸ ਰੋਗ, ਖਰੀਂਢ ਰੋਗ ਅਤੇ ਧੱਫੜੀ ਰੋਗ ਆਦਿ ਬੀਜ ਰਾਹੀਂ ਫੈਲਦੇ ਹਨ। ਰੋਗੀ ਆਲੂ ਇੱਕ ਸਾਲ ਤੋਂ ਦੂਜੇ ਸਾਲ ਬਿਮਾਰੀ ਦੀ ਲਾਗ ਲਗਾਉਣ ਦਾ ਕੰਮ ਕਰਦੇ ਹਨ। ਆਮ ਤੌਰ ਤੇ ਇਹ ਵੇਖਿਆ ਗਿਆ ਹੈ ਕਿ ਕਿਸਾਨ ਵੀਰ ਆਲੂਆਂ ਦੀ ਛਾਂਟੀ ਕਰਨ ਉਪਰੰਤ ਗਲੇ-ਸੜੇ ਅਤੇ ਰੋਗ ਨਾਲ ਪ੍ਰਭਾਵਿਤ ਆਲੂਆਂ ਨੂੰ ਖੇਤਾਂ ਦੇ ਦੁਆਲੇ ਜਾਂ ਕੋਲਡ ਸਟੋਰਾਂ ਦੇ ਬਾਹਰ ਹੀ ਢੇਰੀ ਕਰ ਦਿੰਦੇ ਹਨ। ਇਨ੍ਹਾਂ ਰੋਗੀ ਜਾਂ ਗਲੇ-ਸੜੇ ਆਲੂਆਂ ਨੂੰ ਠੰਡੇ ਗੋਦਾਮਾਂ ਵਿੱਚੋਂ ਕੱਢ ਕੇ ਬਾਹਰ ਖੁੱਲ੍ਹੇ ਵਿੱਚ ਨਹੀਂ ਛੱਡਣਾ ਚਾਹੀਦਾ, ਸਗੋਂ ਟੋਆ ਪੁੱਟ ਕੇ ਮਿੱਟੀ ਵਿੱਚ ਦਬਾ ਦੇਣਾ ਚਾਹੀਦਾ ਹੈ।

## ਆਲੂਆਂ ਦੇ ਮੁੱਖ ਰੋਗ ਅਤੇ ਬਚਾਅ ਦੇ ਢੰਗ

**ਪਿਛੇਤਾ ਝੁਲਸ ਰੋਗ :** ਆਲੂਆਂ ਦਾ ਇੱਕ ਮੁੱਖ ਰੋਗ ਹੈ। ਪਿਛੇਤੇ ਝੁਲਸ ਰੋਗ ਵਾਲੇ ਆਲੂਆਂ ਦੀ ਪਹਿਚਾਣ ਇਨ੍ਹਾਂ ਦੀ ਛਿੱਲੜ ਉੱਪਰ ਪਾਏ ਜਾਣ ਵਾਲੇ ਭੂਰੇ ਰੰਗ ਦੇ ਧੱਬਿਆਂ ਤੋਂ ਕੀਤੀ ਜਾ ਸਕਦੀ ਹੈ। ਬਿਜਲੀ ਤੋਂ ਪਹਿਲਾਂ ਕਿਸਾਨਾਂ ਨੂੰ ਇਹ ਧਿਆਨ ਦੇਣਾ ਚਾਹੀਦਾ ਹੈ ਕਿ ਬੀਜ ਲਈ ਵਰਤੇ ਜਾਣ ਵਾਲੇ ਪਿਛੇਤੇ ਝੁਲਸ ਰੋਗ ਤੋਂ ਮੁਕਤ ਹੋਣੇ ਚਾਹੀਦੇ ਹਨ। ਬੀਜ ਵਾਲੇ ਆਲੂਆਂ ਨੂੰ ਠੰਡੇ ਗੋਦਾਮਾਂ ਵਿੱਚ ਰੱਖਣ ਤੋਂ ਪਹਿਲਾਂ ਅਤੇ ਕੱਢਣ ਤੋਂ ਬਾਅਦ ਬਿਜਾਈ ਸਮੇਂ ਬਿਮਾਰੀ ਵਾਲੇ ਦਾਗੀ ਆਲੂ ਛਾਂਟ ਕੇ ਨਸ਼ਟ ਕਰਨੇ ਚਾਹੀਦੇ ਹਨ। ਖਰੀਂਢ ਰੋਗ ਦੇ ਹਮਲੇ ਨਾਲ ਆਲੂਆਂ ਉੱਤੇ ਕਾਲੇ ਰੰਗ ਦੇ ਖੁਰਦਰੇ ਖਰੀਂਢ ਵਰਗੀਆਂ ਕਾਲੇ ਰੰਗ ਦੀਆਂ ਮਘੌਰੜੀਆਂ ਬਣ ਜਾਂਦੀਆਂ ਹਨ। ਧੱਫੜੀ ਰੋਗ ਤੋਂ ਪ੍ਰਭਾਵਿਤ ਆਲੂਆਂ ਉੱਤੇ 0.5 ਤੋਂ 1.0 ਸੈਂਟੀਮੀਟਰ ਆਕਾਰ ਦੇ ਖੁਰਦਰੇ ਗੋਲ ਅਤੇ ਡੂੰਘੇ ਨਿਸ਼ਾਨ ਪੈ ਜਾਂਦੇ ਹਨ। ਇਨ੍ਹਾਂ ਆਲੂਆਂ ਨੂੰ ਛਾਂਟੀ ਕਰਕੇ ਵੱਖ ਕਰ ਲਓ ਅਤੇ ਬੀਜ ਲਈ ਨਾ ਵਰਤੋਂ। ਖਰੀਂਢ ਅਤੇ ਧੱਫੜੀ ਰੋਗ ਜਿਹੀਆਂ ਬਿਮਾਰੀਆਂ ਜ਼ਮੀਨ ਅਤੇ ਰੋਗੀ ਆਲੂਆਂ ਤੇ ਜਿਉਂਦੀਆਂ ਰਹਿੰਦੀਆਂ ਹਨ। ਅਜਿਹੇ ਰੋਗੀ ਆਲੂਆਂ ਦੀ ਬਿਮਾਰੀ ਕਰਨ ਨਾਲ ਲਗਾਤਾਰ ਇਨ੍ਹਾਂ ਬਿਮਾਰੀਆਂ ਦਾ ਜ਼ਮੀਨ ਵਿੱਚ ਵਾਧਾ ਹੋ ਰਿਹਾ ਹੈ। ਇਸ ਤੋਂ ਇਲਾਵਾ ਰੋਗੀ ਆਲੂਆਂ ਨੂੰ ਟੋਆ ਪੁੱਟ ਕੇ ਨਸ਼ਟ ਕਰਨ ਨਾਲ ਕਾਫ਼ੀ ਹੱਦ ਤੱਕ ਬਿਮਾਰੀ ਅੱਗੋਂ ਨਵੇਂ ਖੇਤਾਂ ਜਾਂ ਖੇਤਰ ਵਿੱਚ ਨਹੀਂ ਫੈਲਦੀ।

ਖਰੀਂਢ ਰੋਗ ਤੋਂ ਬਚਾਅ ਲਈ ਬਿਜਾਈ ਤੋਂ ਪਹਿਲਾਂ ਬੀਜ ਵਾਲੇ ਆਲੂਆਂ ਨੂੰ ਕੋਲਡ ਸਟੋਰ ਤੋਂ ਬਾਹਰ ਕੱਢਣ ਮਗਰੋਂ ਸਿਸਟੀਵਾ (ਫਲੋਕਸਾਪਾਇਰੋਕਸੈਡ 333 ਗ੍ਰਾਮ ਪ੍ਰਤੀ ਲੀਟਰ ਐਫ ਐਸ) 80 ਮਿ.ਲਿ. ਪ੍ਰਤੀ 8 ਲੀਟਰ ਪਾਣੀ ਦੇ ਹਿਸਾਬ ਨਾਲ ਘੋਲ ਬਣਾ ਕੇ ਆਲੂਆਂ ਉੱਤੇ ਸਪਰੇ ਕਰੋ ਜਾਂ ਆਲੂਆਂ ਨੂੰ 80 ਮਿ.ਲਿ. ਪ੍ਰਤੀ 100 ਲੀਟਰ ਪਾਣੀ ਵਿੱਚ ਘੋਲ ਬਣਾ ਕੇ ਡੁਬੋ ਦਿਓ ਜਾਂ ਇਮੈਸਟੋ ਪ੍ਰਾਇਮ (ਪੈਨਫਲੂਫਿਨ 22.43 ਐਫ ਐਸ) 83 ਐਮ ਐਲ ਜਾਂ ਮੋਨਸਰਨ (ਪੈਨਸੀਕਿਊਰੋਨ) 25 ਮਿ.ਲਿ. ਪ੍ਰਤੀ 100 ਲੀਟਰ ਪਾਣੀ ਵਿੱਚ ਘੋਲ ਬਣਾ ਕੇ 10 ਮਿੰਟ ਡੁਬੋ ਦਿਓ।


**ਸੰਦੀਪ ਜੈਨ ਅਤੇ ਰੀਤੂ ਰਾਣੀ, ਪੌਦਾ ਰੋਗ ਵਿਭਾਗ**

**ਮੋਬਾਇਲ : 98723-22880**






# ਕਿਸਾਨ ਮੇਲੇ

10 ਸਤੰਬਰ
ਨਾਗ ਕਲਾਂ ਜਹਾਂਗੀਰ (ਅੰਮ੍ਰਿਤਸਰ)

12 ਸਤੰਬਰ
ਬੱਲੋਵਾਲ ਸੌਂਖੜੀ (ਸ਼ਹੀਦ ਭਗਤ ਸਿੰਘ ਨਗਰ)

16 ਸਤੰਬਰ
ਰੌਣੀ (ਪਟਿਆਲਾ)

18 ਸਤੰਬਰ
ਫਰੀਦਕੋਟ

24 ਸਤੰਬਰ
ਗੁਰਦਾਸਪੁਰ

30 ਸਤੰਬਰ
ਬਠਿੰਡਾ

ਪੀ.ਏ.ਯੂ. ਕੈਂਪਸ, ਲੁਧਿਆਣਾ ਵਿਖੇ ਦੋ ਰੋਜ਼ਾ ਕਿਸਾਨ ਮੇਲਾ 26 ਤੇ 27 ਸਤੰਬਰ ਨੂੰ

ਖੇਤੀ ਦੁਨੀਆਂ ਦੇ ਸਟਾਲ ਨੰ.21 'ਤੇ ਪਧਾਰੋ।

ਚੌ.ਚ.ਸਿੰ. ਹਰਿਆਣਾ ਖੇਤੀਬਾੜੀ ਯੂਨੀਵਰਸਿਟੀ, ਹਿਸਾਰ
17 ਅਤੇ 18 ਸਤੰਬਰ, 2025



BEW

KSA

ਕਿਸਾਨ ਖੁਸ਼ਹਾਲ ਤਾਂ ਦੇਸ਼ ਖੁਸ਼ਹਾਲ

4 IN 1 COMBO

BEW ਸੁਪਰ ਸੀਡਰ



- ਲੋਨ ਉਪਲੱਬਧ
- ਸਬਸਿਡੀ ਉਪਲੱਬਧ
- ਬੁਕਿੰਗ ਸ਼ੁਰੂ
- ਪਾਉਡਰ ਕੋਟਿੰਗ ਪੇਂਟ
- ਪੇਟੇਂਟ ਡਿਜਾਇਨ

TOLL FREE NUMBER 1800-120-004455

- KS AGROTECH PVT. LTD.
- BHAGWAN ENGINNERING WORKS
- KS POWERTECH PVT. LTD.
- KS FARM CORPORATION PVT. LTD.

Raikot Road, Malerkotla - 148023, Distt. Sangrur Punjab
M. : 92170-70755, 92170-71755
E-mail : sales@ksagrotech.org, Info@ksagrotech.org
www.ksagrotech.org, www.bewindia.co



# ਖੇਤਾਂ ਵਿੱਚ ਗਾਜਰ ਬੂਟੀ ਦੇ ਨੁਕਸਾਨ ਅਤੇ ਇਸ ਦੀ ਰੋਕਥਾਮ

ਅਮਨਦੀਪ ਕੌਰ ਤੇ ਗੁਰਬੀਰ ਕੌਰ, ਫਾਰਮ ਸਲਾਹਕਾਰ ਸੇਵਾ ਕੇਂਦਰ, ਬਰਨਾਲਾ ਅਤੇ ਕ੍ਰਿਸ਼ੀ ਵਿਗਿਆਨ ਕੇਂਦਰ, ਖੇੜੀ, ਸੰਗਰੂਰ (ਮੋਬਾਇਲ : 78892-94391)

ਗਾਜਰ ਬੂਟੀ ਜਿਸ ਨੂੰ ਕਾਂਗਰਸ ਘਾਹ, ਗਾਜਰ ਘਾਹ, ਸਫੈਦ ਟੋਪੀ ਅਤੇ ਪਾਰਥੀਨੀਅਮ ਬੂਟੀ ਦੇ ਨਾਂਅ ਨਾਲ ਵੀ ਜਾਣਿਆ ਜਾਂਦਾ ਹੈ, ਇੱਕ ਖ਼ਤਰਨਾਕ ਨਦੀਨ ਹੈ, ਜੋ ਅਣ-ਵਾਹੀਆਂ ਜ਼ਮੀਨਾਂ, ਖੇਤਾਂ ਦੀਆਂ ਵੱਟਾਂ, ਰਸਤਿਆਂ, ਸੜਕਾਂ ਦੇ ਕਿਨਾਰਿਆਂ, ਰੇਲਵੇ ਲਾਈਨਾਂ ਦੇ ਦੁਆਲੇ, ਬਾਗਾਂ ਅਤੇ ਹੋਰ ਦਰੱਖਤਾਂ ਵਾਲੀਆਂ ਥਾਵਾਂ ਅਤੇ ਖਾਲੀ ਪਲਾਟਾਂ ਆਦਿ 'ਤੇ ਬਹੁਤ ਵੱਡੀ ਸਮੱਸਿਆ ਬਣਦਾ ਜਾ ਰਿਹਾ ਹੈ। ਇਸ ਨਦੀਨ ਦਾ ਬੀਜ 1955 ਵਿੱਚ ਅਮਰੀਕਾ ਤੋਂ ਆਯਾਤ ਕੀਤੀ ਕਣਕ ਦੇ ਨਾਲ ਭਾਰਤ ਪਹੁੰਚਿਆ ਸੀ, ਜੋ ਅਗਲੇ 5 ਸਾਲਾਂ ਵਿੱਚ ਪੂਰੇ ਭਾਰਤ ਵਿੱਚ ਫ਼ੈਲ ਗਿਆ ਸੀ। ਹੁਣ ਤੱਕ ਇਹ ਨਦੀਨ ਭਾਰਤ ਵਿੱਚ ਤਕਰੀਬਨ 35 ਮਿਲੀਅਨ ਹੈਕਟੇਅਰ ਰਕਬੇ ਵਿੱਚ ਫੈਲ ਚੁੱਕਾ ਹੈ। ਪੰਜਾਬ ਦੇ ਹਰ ਪਿੰਡ, ਸ਼ਹਿਰ ਅਤੇ ਕਸਬੇ ਵਿੱਚ ਵੀ ਇਸ ਬੂਟੀ ਦੀ ਬਹੁਤ ਭਰਮਾਰ ਹੈ ਅਤੇ ਅਜਿਹਾ ਕੋਈ ਵੀ ਇਲਾਕਾ ਨਹੀਂ, ਜਿੱਥੇ ਇਹ ਬੂਟੀ ਨਾ ਮਿਲਦੀ ਹੋਵੇ। ਇਸ ਦੇ ਬੂਟੇ ਫਰਵਰੀ ਮਹੀਨੇ ਤੋਂ ਉੱਗਣਾ ਸ਼ੁਰੂ ਕਰਦੇ ਹਨ ਅਤੇ ਨਵੰਬਰ ਤੱਕ ਉੱਗਦੇ ਰਹਿੰਦੇ ਹਨ। ਇਸ ਬੂਟੀ ਦਾ ਇੱਕ ਬੂਟਾ 10,000 ਤੋਂ ਲੈ ਕੇ 35,000 ਬੀਜ ਪੈਦਾ ਕਰਨ ਦੀ ਸਮਰੱਥਾ ਰੱਖਦਾ ਹੈ। ਇਸ ਬੂਟੀ ਦਾ ਸਭ ਤੋਂ ਜ਼ਿਆਦਾ ਵਾਧਾ ਬਰਸਾਤ ਦੇ ਮੌਸਮ ਵਿੱਚ ਹੁੰਦਾ ਹੈ। ਸਰਦੀਆਂ ਵਿੱਚ ਅਤੇ ਜ਼ਿਆਦਾ ਪਾਣੀ ਖੜ੍ਹਨ ਵਾਲੀ ਸਥਿਤੀ ਵਿੱਚ ਇਸ ਦੇ ਬੂਟੇ ਸੁੱਕ ਜਾਂਦੇ ਹਨ। ਇਸ ਦੇ ਪੌਦੇ 2 ਮੀਟਰ ਤੱਕ ਉਚਾਈ ਪ੍ਰਾਪਤ ਕਰ ਸਕਦੇ ਹਨ। ਸੂਰਜ ਦੀ ਰੌਸ਼ਨੀ ਅਤੇ ਤਾਪਮਾਨ ਦਾ ਕੋਈ ਜ਼ਿਆਦਾ ਅਸਰ ਨਾ ਹੋਣ ਕਰਕੇ ਇਹ ਨਦੀਨ ਹਰ ਤਰ੍ਹਾਂ ਦੇ ਵਾਤਾਵਰਨ ਵਿੱਚ ਹੋ ਸਕਦੇ ਹਨ ਅਤੇ ਸਾਲ ਵਿੱਚ ਤਕਰੀਬਨ 4-5 ਵਾਰ ਉੱਗਦੇ ਹਨ। ਜੜ੍ਹਾਂ ਡੂੰਘੀਆਂ ਹੋਣ ਕਰਕੇ ਇਹ ਨਦੀਨ ਘੱਟ ਪਾਣੀ ਵਾਲੀ ਥਾਂ 'ਤੇ ਬੜੀ ਆਸਾਨੀ ਨਾਲ ਹੋ ਜਾਂਦੇ ਹਨ। ਗਾਜਰ ਬੂਟੀ ਦਾ ਵਾਧਾ ਬਹੁਤ ਤੇਜ਼ੀ ਨਾਲ ਹੁੰਦਾ ਹੈ ਅਤੇ ਇਹ ਆਪਣੇ ਆਸ-ਪਾਸ ਕਿਸੇ ਹੋਰ ਬੂਟੇ ਨੂੰ ਨਹੀਂ ਉੱਗਣ ਦਿੰਦਾ। ਸ਼ੁਰੂ ਵਿੱਚ ਇਹ ਨਦੀਨ ਸਿਰਫ਼ ਖਾਲੀ ਥਾਵਾਂ ਵਿੱਚ ਹੀ ਪਾਇਆ ਜਾਂਦਾ ਸੀ, ਪਰ ਅੱਜ-ਕੱਲ੍ਹ ਇਸ ਦਾ ਹਮਲਾ ਬਹੁਤ ਸਾਰੀਆਂ ਫ਼ਸਲਾਂ ਜਿਵੇਂ ਕਿ ਕਮਾਦ, ਸਿੱਧੀ ਬਿਜਾਈ ਵਾਲਾ ਝੋਨਾ, ਕਣਕ, ਬਰਸੀਮ, ਪੁਦੀਨਾ, ਸਬਜ਼ੀਆਂ ਆਦਿ ਵਿੱਚ ਵੀ ਦੇਖਿਆ ਜਾਂਦਾ ਹੈ।

**ਗਾਜਰ ਘਾਹ ਦੇ ਨੁਕਸਾਨ** : ਇਹ ਨਦੀਨ ਮਨੁੱਖਾਂ ਵਿੱਚ ਕਈ ਤਰ੍ਹਾਂ ਦੇ ਰੋਗ ਜਿਵੇਂ ਕਿ ਅਲਰਜੀ, ਦਮਾ, ਬੁਖਾਰ ਅਤੇ ਚਮੜੀ ਦੇ ਰੋਗ ਪੈਦਾ ਕਰਦਾ ਹੈ। ਪਸ਼ੂਆਂ ਲਈ ਵੀ ਇਹ ਨਦੀਨ ਖ਼ਤਰਨਾਕ ਹੈ ਕਿਉਂਕਿ ਇਸ ਦੇ ਸੰਪਰਕ ਵਿੱਚ ਆਉਣ 'ਤੇ ਪਸ਼ੂ ਵੀ ਚਮੜੀ ਰੋਗ ਦੇ ਸ਼ਿਕਾਰ ਹੋ ਜਾਂਦੇ ਹਨ। ਇਸ ਤੋਂ ਇਲਾਵਾ ਇਸ ਨੂੰ ਖਾਣ ਨਾਲ ਪਸ਼ੂਆਂ ਵਿੱਚ ਦੁੱਧ ਦੇ ਉਤਪਾਦਨ ਵਿੱਚ ਕਮੀ ਅਤੇ ਦੁੱਧ ਦਾ ਸੁਆਦ ਖ਼ਰਾਬ ਹੋਣ ਦੇ ਨਾਲ-ਨਾਲ ਹੋਰ ਰੋਗ ਪੈਦਾ ਹੁੰਦੇ ਹਨ। ਇਸ ਨਦੀਨ ਵਿੱਚ ਪਾਰਥੀਨਿਨ, ਹਿਸਟੈਰਿਨ, ਹਾਈਮਿਨਿਨ ਅਤੇ ਐਂਬਰੋਜ਼ਿਮ ਨਾਂਅ ਦੇ ਤੱਤ ਪਾਏ ਜਾਂਦੇ ਹਨ, ਜੋ ਦੂਸਰੇ ਬੂਟਿਆਂ ਦੇ ਉੱਗਣ ਅਤੇ ਵਾਧੇ 'ਤੇ ਬੁਰਾ ਅਸਰ ਪਾਉਂਦੇ ਹਨ। ਇਸ ਤਰ੍ਹਾਂ ਇਹ ਨਦੀਨ ਫ਼ਸਲਾਂ ਦੇ ਝਾੜ ਵਿੱਚ 40% ਤੱਕ ਨੁਕਸਾਨ ਕਰ ਸਕਦਾ ਹੈ। ਇਹ ਨਦੀਨ ਬਹੁਤ ਸਾਰੇ ਕੀੜੇ ਮਕੌੜਿਆਂ ਜਿਵੇਂ ਕਿ ਚਿੱਟੀ ਮੱਖੀ, ਮਿਲੀਬਗ, ਚੇਪਾ, ਭੱਬੂ ਕੁੱਤਾ ਅਤੇ ਬਿਮਾਰੀਆਂ ਜਿਵੇਂ ਕਿ ਪੱਤਾ ਮਰੋੜ ਬਿਮਾਰੀ ਲਈ ਬਦਲਵੇਂ ਮੇਜ਼ਬਾਨ ਵਜੋਂ ਕੰਮ ਕਰਦਾ ਹੈ।

**ਰੋਕਥਾਮ ਦੇ ਤਰੀਕੇ** : ਗਾਜਰ ਘਾਹ ਦੀ ਰੋਕਥਾਮ ਦਾ ਸਭ ਤੋਂ ਵਧੀਆ ਤਰੀਕਾ ਇਹ ਹੈ ਕਿ ਇਸ ਦੇ ਬੂਟਿਆਂ ਨੂੰ ਫੁੱਲ ਆਉਣ ਤੋਂ ਪਹਿਲਾਂ ਵਾਰ-



ਵਾਰ ਕੱਟ ਕੇ ਜਾਂ ਜੜ੍ਹ ਤੋਂ ਪੁੱਟ ਕੇ ਖ਼ਤਮ ਕੀਤਾ ਜਾਵੇ। ਇਸ ਤੋਂ ਬਾਅਦ ਪੁੱਟੇ ਹੋਏ ਬੂਟਿਆਂ ਨੂੰ ਇੱਕ ਥਾਂ 'ਤੇ ਇਕੱਠਾ ਕਰਕੇ ਸੁਕਾ ਕੇ ਦਬਾ ਦੇਣਾ ਚਾਹੀਦਾ ਹੈ। ਖਾਲੀ ਥਾਵਾਂ 'ਤੇ ਜ਼ਮੀਨ ਨੂੰ ਟਰੈਕਟਰ ਨਾਲ ਲਗਾਤਾਰ ਵਾਹੁੰਦੇ ਰਹਿਣਾ ਚਾਹੀਦਾ ਹੈ ਤਾਂ ਜੋ ਹੌਲੀ-ਹੌਲੀ ਇਹ ਨਦੀਨ ਖ਼ਤਮ ਹੋ ਜਾਵੇ। ਨਦੀਨ ਨੂੰ ਕੱਟਣ ਜਾਂ ਪੁੱਟਣ ਤੋਂ ਪਹਿਲਾਂ ਹੱਥਾਂ 'ਤੇ ਦਸਤਾਨੇ ਪਾਉਣੇ ਅਤੇ ਸਰੀਰ ਨੂੰ ਚੰਗੀ ਤਰ੍ਹਾਂ ਢਕ ਲੈਣਾ ਬਹੁਤ ਜ਼ਰੂਰੀ ਹੁੰਦਾ ਹੈ। ਇਸ ਨਦੀਨ ਦਾ ਪ੍ਰਬੰਧਨ ਕਰਨ ਲਈ ਇਹ ਜ਼ਰੂਰੀ ਹੈ ਕਿ ਪਿੰਡ ਪੱਧਰ 'ਤੇ ਗਾਜਰ-ਬੂਟੀ ਰੋਕਥਾਮ ਮੁਹਿੰਮਾਂ ਚਲਾਈਆਂ ਜਾਣ। ਇਸ ਲਈ ਪੰਚਾਇਤਾਂ ਵਲੋਂ ਮਤਾ ਪਾਸ ਕਰਕੇ ਸਭ ਨਗਰ-ਨਿਵਾਸੀਆਂ ਦੀ ਮਦਦ ਨਾਲ ਇਸ ਦੀ ਰੋਕਥਾਮ ਕਰਨੀ ਚਾਹੀਦੀ ਹੈ। ਸਵੈ-ਸਹਾਇਤਾ ਗਰੁੱਪਾਂ, ਗੈਰ ਸਰਕਾਰੀ ਅਦਾਰਿਆਂ ਅਤੇ ਸਕੂਲਾਂ/ਕਾਲਜਾਂ ਨੂੰ ਮਿਲ ਕੇ ਗਾਜਰ ਬੂਟੀ ਨੂੰ ਰੋਕਣ ਲਈ ਕਦਮ ਚੁੱਕਣੇ ਚਾਹੀਦੇ ਹਨ। ਹਰੇਕ ਵਿਅਕਤੀ ਨੂੰ ਆਪਣੇ ਪੱਧਰ 'ਤੇ ਆਪਣੇ ਘਰ ਦੇ ਆਸ-ਪਾਸ ਅਤੇ ਆਪਣੀ ਜ਼ਮੀਨ ਵਿੱਚੋਂ ਇੱਕ ਨਦੀਨ ਨੂੰ ਖ਼ਤਮ ਕਰਨ ਦੀ ਜ਼ਿੰਮੇਵਾਰੀ ਲੈਣੀ ਚਾਹੀਦੀ ਹੈ। ਇਸ ਤੋਂ ਇਲਾਵਾ ਇਸ ਨਦੀਨ ਬਾਰੇ ਆਮ ਲੋਕਾਂ ਨੂੰ ਅਖ਼ਬਾਰਾਂ, ਰਸਾਲਿਆਂ, ਰੇਡੀਓ ਅਤੇ ਟੀ.ਵੀ. ਦੇ ਮਾਧਿਅਮ ਰਾਹੀਂ ਜਾਗਰੂਕ ਕਰਨਾ ਚਾਹੀਦਾ ਹੈ ਤਾਂ ਜੋ ਇਸ ਦੇ ਬੁਰੇ ਪ੍ਰਭਾਵਾਂ ਬਾਰੇ ਅਤੇ ਇਸ ਦੀ ਰੋਕਥਾਮ ਦੇ ਢੰਗਾਂ ਬਾਰੇ ਲੋਕ ਜਾਣੂ ਹੋ ਸਕਣ। ਜ਼ਿਲ੍ਹਾ ਲੁਧਿਆਣਾ ਦਾ ਪਿੰਡ ਮਨਸੂਰਾਂ ਗਾਜਰ ਬੂਟੀ ਦੀ ਵਧੀਆ ਢੰਗ ਨਾਲ ਰੋਕਥਾਮ ਕਰਨ ਦੀ ਇੱਕ ਜਿਉਂਦੀ ਜਾਗਦੀ ਮਿਸਾਲ ਹੈ, ਜਿਸ ਨੂੰ 2016 ਵਿੱਚ ਭਾਰਤ ਦਾ ਪਹਿਲਾ 'ਗਾਜਰ ਬੂਟੀ ਮੁਕਤ ਪਿੰਡ' ਬਣਨ ਦਾ ਮਾਣ ਹਾਸਲ ਹੋਇਆ ਸੀ। ਇਸ ਤਰ੍ਹਾਂ ਸਰਕਾਰਾਂ, ਗੈਰ-ਸਰਕਾਰੀ ਸੰਸਥਾਵਾਂ ਅਤੇ ਆਮ ਲੋਕਾਂ ਦੇ ਸਾਂਝੇ ਉੱਦਮਾਂ ਨਾਲ ਹੀ ਇਸ ਨਦੀਨ ਦੀ ਰੋਕਥਾਮ ਕੀਤੀ ਜਾ ਸਕਦੀ ਹੈ।

# ਫ਼ਲਦਾਰ ਬੂਟਿਆਂ ਲਈ ਜ਼ਿੰਕ ਦੀ ਮਹੱਤਤਾ

ਬੂਟਿਆਂ ਦੇ ਵਿਕਾਸ ਲਈ ਪੌਸ਼ਟਿਕ ਤੱਤਾਂ ਦੇ ਸੰਤੁਲਿਤ ਸਰੋਤ ਦੀ ਲੋੜ ਹੁੰਦੀ ਹੈ। ਪੌਸ਼ਟਿਕ ਤੱਤਾਂ ਵਿੱਚ 16 ਵੱਖ-ਵੱਖ ਤੱਤ ਸ਼ਾਮਿਲ ਹਨ, ਜਿਨ੍ਹਾਂ ਨੂੰ ਮੁੱਖ ਤੱਤ ਅਤੇ ਲਘੂ ਤੱਤ ਵਿੱਚ ਵੰਡਿਆ ਗਿਆ ਹੈ। ਮੁੱਖ ਤੱਤ ਤੋਂ ਭਾਵ ਹੈ ਕਿ ਇਨ੍ਹਾਂ ਦੀ ਲੋੜ ਵੱਡੀ ਮਾਤਰਾ ਵਿੱਚ ਹੁੰਦੀ ਹੈ ਅਤੇ







ਲਘੂ ਤੱਤ ਦੀ ਲੋੜ ਬਹੁਤ ਘੱਟ ਹੁੰਦੀ ਹੈ। ਮੁੱਖ ਤੱਤਾਂ ਵਿੱਚ ਕਾਰਬਨ, ਹਾਈਡ੍ਰੋਜਨ, ਆਕਸੀਜਨ, ਨਾਈਟ੍ਰੋਜਨ, ਫਾਸਫੋਰਸ, ਪੋਟਾਸ਼ੀਅਮ, ਕੈਲਸ਼ੀਅਮ, ਮੈਗਨੀਸ਼ੀਅਮ ਤੇ ਗੰਧਕ ਤੱਤ ਆਉਂਦੇ ਹਨ ਅਤੇ ਲਘੂ ਤੱਤਾਂ ਵਿੱਚ ਤਾਂਬਾ, ਲੋਹਾ, ਜ਼ਿੰਕ, ਬੋਰੋਨ, ਮੈਗਨੀਜ਼, ਮੋਲਿਬਡੇਨਮ ਅਤੇ ਕਲੋਰੀਨ ਹਨ। ਇਨ੍ਹਾਂ ਵਿੱਚ ਤਿੰਨ ਤੱਤ ਕਾਰਬਨ, ਹਾਈਡ੍ਰੋਜਨ ਤੇ ਆਕਸੀਜਨ ਪਾਣੀ ਤੇ ਹਵਾ ਤੋਂ ਪ੍ਰਾਪਤ ਹੁੰਦੇ ਹਨ, ਜਦਕਿ ਬਾਕੀ ਤੱਤ ਮਿੱਟੀ ਤੋਂ ਲਏ ਜਾਂਦੇ ਹਨ। ਇਹ ਦੇਖਣ ਵਿੱਚ ਆਇਆ ਹੈ ਕਿ ਬਹੁਤੇ ਬਾਗਬਾਨ ਪੌਸ਼ਟਿਕ ਤੱਤਾਂ ਦੀ ਪੂਰਤੀ ਲਈ ਖਾਦਾਂ ਦੀ ਹੀ ਵਰਤੋਂ ਕਰਦੇ ਹਨ ਤੇ ਲਘੂ ਤੱਤਾਂ ਦੇ ਇਸਤੇਮਾਲ ਨੂੰ ਛੱਡ ਜਾਂਦੇ ਹਨ। ਇਨ੍ਹਾਂ ਪੌਸ਼ਟਿਕ ਲਘੂ ਤੱਤਾਂ ਵਿੱਚ ਜੇ ਕਿਸੇ ਇੱਕ ਤੱਤ ਦੀ ਵੀ ਘਾਟ ਆ ਜਾਵੇ ਤਾਂ ਇਹ ਕਮੀ ਬੂਟਿਆਂ ਦੇ ਵਾਧੇ ਵਿੱਚ, ਫ਼ਲ ਦੀ ਗੁਣਵੱਤਾ ਅਤੇ ਝਾੜ 'ਤੇ ਕਾਫ਼ੀ ਅਸਰ ਪਾਉਂਦੀ ਹੈ।

**ਲਘੂ ਤੱਤਾਂ ਦੀ ਘਾਟ ਦੇ ਕਾਰਨ** : ★ ਬੂਟਿਆਂ ਤੋਂ ਸਮਰੱਥਾ ਤੋਂ ਵੱਧ ਫ਼ਲ ਲੈਣਾ, ਰੂੜੀ ਖਾਦ ਦਾ ਇਸਤੇਮਾਲ ਨਾ ਕਰਨਾ, ਮਾੜੀ ਜ਼ਮੀਨ ਦੀ ਚੋਣ ਆਦਿ ਕਾਰਨਾਂ ਕਰਕੇ ਫ਼ਲਦਾਰ ਬੂਟਿਆਂ ਵਿੱਚ ਲਘੂ ਤੱਤਾਂ ਦੀ ਘਾਟ ਵਿੱਚ ਵਾਧਾ ਹੋਇਆ ਹੈ। ★ ਪੰਜਾਬ ਵਿੱਚ ਹਲਕੀ ਜ਼ਮੀਨ 'ਤੇ ਉਗਾਏ ਫ਼ਲਾਂ ਦੇ ਬੂਟਿਆਂ 'ਤੇ ਜ਼ਿੰਕ, ਤਾਂਬਾ ਅਤੇ ਲੋਹੇ ਦੀ ਕਮੀ ਆਮ ਦੇਖੀ ਗਈ ਹੈ। ਰੇਤਲੀਆਂ, ਕਲਰਾਠੀਆਂ, ਘੱਟ ਜੈਵਿਕ ਮਾਦੇ ਤੋਂ ਜ਼ਿਆਦਾ ਪੀਐਚ. ਵਾਲੀਆਂ ਜ਼ਮੀਨਾਂ ਵਿੱਚ ਬੂਟਿਆਂ ਵਿੱਚ ਜ਼ਿੰਕ ਤੇ ਲੋਹੇ ਦੀ ਘਾਟ ਆਮ ਆ ਸਕਦੀ ਹੈ। ★ ਫਾਸਫੋਰਸ ਤੋਂ ਨਾਈਟਰੋਜਨ ਦੀ ਜ਼ਿਆਦਾ ਵਰਤੋਂ ਨਾਲ ਵੀ ਜ਼ਿੰਕ ਦੀ ਘਾਟ ਹੋ ਸਕਦੀ ਹੈ। ਇਨ੍ਹਾਂ ਤੱਤਾਂ ਦੀ ਗੈਰ-ਮੌਜੂਦਗੀ ਵਿੱਚ ਪੌਦੇ ਇੱਕ ਆਮ ਜੀਵਨ ਚੱਕਰ ਨੂੰ ਪੂਰਾ ਕਰਨ ਵਿੱਚ ਅਸਮਰਥ ਹੁੰਦੇ ਹਨ। ਜ਼ਿੰਕ ਲਘੂ ਤੱਤ ਦੀ ਕਮੀ ਦੇ ਲੱਛਣ ਤੇ ਪ੍ਰਬੰਧਨ ਬਾਰੇ ਜਾਣਕਾਰੀ ਇਸ ਪ੍ਰਕਾਰ ਹੈ :

**ਨਿੰਬੂ ਜਾਤੀ**

**ਨਿਸ਼ਾਨੀਆਂ** : ਨਵੀਂ ਫੋਟ ਦੇ ਪੂਰੇ ਵਧੇ ਹੋਏ ਪੱਤਿਆਂ 'ਤੇ ਰੰਗ-ਬਰੰਗੇ ਧੱਬੇ ਬਣ ਜਾਂਦੇ ਹਨ। ਫ਼ਲਾਂ ਵਾਲੀਆਂ ਅੱਖਾਂ ਬਹੁਤ ਘੱਟ ਜਾਂਦੀਆਂ ਹਨ। ਜਿਹੜੇ ਫ਼ਲ ਹੋਂਦ ਵਿੱਚ ਆਉਂਦੇ ਵੀ ਹਨ, ਉਨ੍ਹਾਂ ਦਾ ਆਕਾਰ ਬਹੁਤ ਛੋਟਾ ਰਹਿ ਜਾਂਦਾ ਹੈ। ਫ਼ਲਾਂ ਵਿੱਚ ਰਸ ਦੀ ਮਾਤਰਾ ਘੱਟ ਜਾਂਦੀ ਹੈ ਤੇ ਛਿੱਲ ਮੁਲਾਇਮ ਤੇ ਹਲਕੇ ਰੰਗ ਦੀ ਹੋ ਜਾਂਦੀ ਹੈ। ਆਮ ਕਰਕੇ ਜ਼ਿੰਕ ਦੀ ਘਾਟ, ਬੂਟੇ ਦੇ ਚੌਥੇ ਸਾਲ, ਪਹਿਲੇ ਫ਼ਲ ਦੇ ਪਿੱਛੋਂ ਆਉਂਦੀ ਹੈ।

**ਸੁਧਾਰ** : ਬੂਟੇ ਨੂੰ ਤੀਜੇ ਸਾਲ ਪਿੱਛੋਂ ਹਰ ਸਾਲ ਜ਼ਿੰਕ ਸਲਫੇਟ ਦੇ ਘੋਲ ਦਾ ਛਿੜਕਾਅ ਕਰੋ। ਜ਼ਿੰਕ ਦੀ ਘਾਟ ਦੀ ਪੂਰਤੀ ਕਰਨ ਲਈ ਰੋਗੀ ਦਰੱਖਤਾਂ 'ਤੇ (4.70 ਗ੍ਰਾਮ ਪ੍ਰਤੀ ਲੀਟਰ ਪਾਣੀ) ਜ਼ਿੰਕ ਸਲਫੇਟ ਦੇ ਘੋਲ ਦਾ ਛਿੜਕਾਅ ਭਰਪੂਰ ਪੱਤੇ ਨਿਕਲਣ 'ਤੇ ਕਰੋ। ਇਹ ਛਿੜਕਾਅ ਬਾਹਰ ਦੀ ਫੋਟ ਨੂੰ ਅਪ੍ਰੈਲ-ਮਈ ਵਿੱਚ ਤੇ ਗਰਮੀਆਂ ਦੀ ਫੋਟ ਨੂੰ ਅੱਧ ਅਗਸਤ ਵਿੱਚ ਚੂਨੇ ਤੋਂ ਬਿਨਾਂ ਕਰੋ।

**ਨਾਖ**

**ਨਿਸ਼ਾਨੀਆਂ** : ਨਵੇਂ ਪੱਤਿਆਂ ਵਿੱਚ ਮੋਟੀਆਂ ਨਾੜਾਂ ਦੇ ਵਿਚਕਾਰਲਾ ਹਿੱਸਾ ਪੀਲਾ ਹੋਣਾ ਸ਼ੁਰੂ ਹੋ ਜਾਂਦਾ ਹੈ। ਪੱਤਿਆਂ ਦਾ ਆਕਾਰ ਛੋਟਾ ਰਹਿ ਜਾਂਦਾ ਹੈ ਅਤੇ ਪੱਤੇ ਉੱਪਰ ਨੂੰ ਕੱਪ ਦੀ ਤਰ੍ਹਾਂ ਮੁੜਨਾ ਸ਼ੁਰੂ ਹੋ ਜਾਂਦੇ ਹਨ।

**ਸੁਧਾਰ** : 3 ਕਿਲੋ ਜ਼ਿੰਕ ਸਲਫੇਟ 1.5 ਕਿਲੋ ਅਣਬੁਝਿਆ ਚੂਨਾ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

**ਅਲੂਚਾ**

**ਨਿਸ਼ਾਨੀਆਂ** : ਹਲਕੀਆਂ ਜ਼ਮੀਨਾਂ ਵਿੱਚ ਲੱਗੇ ਬੂਟਿਆਂ 'ਤੇ ਗਰਮੀਆਂ ਅਤੇ ਵਰਖਾ ਰੁੱਤ ਵਿੱਚ ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣੀਆਂ ਸ਼ੁਰੂ ਹੋ ਜਾਂਦੀਆਂ ਹਨ। ਟਹਿਣੀਆਂ ਤੋਂ ਉਪਰਲੇ ਪੱਤੇ ਛੋਟੇ ਤੇ ਤਿੱਖੇ ਆਕਾਰ ਦੇ ਬਣ ਜਾਂਦੇ ਹਨ ਅਤੇ ਪੱਤੇ ਨਾੜੀਆਂ ਵਿਚਕਾਰ ਪੀਲੇ ਨਜ਼ਰ ਆਉਂਦੇ ਹਨ। ਬੂਟਿਆਂ ਤੇ ਇਸ ਤੱਤ ਦੀ ਘਾਟ ਦੀ ਨਿਸ਼ਾਨੀ ਇਹ ਵੀ ਹੈ ਕਿ ਟਹਿਣੀ ਦੀ ਟੀਸੀ ਦੇ ਸਿਰਿਆਂ 'ਤੇ ਪੱਤੇ ਸੰਘਣੇ ਤੇ ਗੁੱਛੇਦਾਰ ਦਿਖਾਈ ਦਿੰਦੇ ਹਨ। ਫ਼ਲ ਦਾ ਆਕਾਰ ਬਹੁਤ ਛੋਟਾ ਰਹਿ ਜਾਂਦਾ ਹੈ ਤੇ ਫ਼ਲ ਸਖ਼ਤ ਹੋ ਜਾਂਦੇ ਹਨ।

**ਸੁਧਾਰ** : ਜ਼ਿੰਕ ਦੀ ਘਾਟ ਦੀਆਂ ਨਿਸ਼ਾਨੀਆਂ ਨਜ਼ਰ ਆਉਣ 'ਤੇ 3 ਕਿਲੋ ਜ਼ਿੰਕ ਸਲਫੇਟ, 1.5 ਕਿਲੋ ਅਣਬੁਝਿਆ ਚੂਨਾ 500 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

**ਅਮਰੂਦ**

**ਨਿਸ਼ਾਨੀਆਂ** : ਪੱਤਿਆਂ ਦਾ ਆਕਾਰ ਛੋਟਾ ਰਹਿ ਜਾਂਦਾ ਹੈ। ਪੱਤਿਆਂ ਦੀਆਂ ਮੋਟੀਆਂ ਲਕੀਰਾਂ ਵਿਚਾਲੇ ਦਾ ਰੰਗ ਪੀਲਾ ਤੇ ਫਿੱਕਾ ਪੀਲਾ ਹੋ ਜਾਂਦਾ ਹੈ।

**ਸੁਧਾਰ** : ਜ਼ਿੰਕ ਸਲਫੇਟ (1 ਕਿਲੋ) ਤੇ ਅਣਬੁਝਿਆ ਚੂਨਾ (ਅੱਧਾ ਕਿਲੋ) 100 ਲਿਟਰ ਪਾਣੀ ਵਿੱਚ ਘੋਲ ਕੇ ਜੂਨ ਤੋਂ ਸਤੰਬਰ ਵਿੱਚ 15 ਦਿਨ ਦੇ ਵਕਫ਼ੇ 'ਤੇ ਦੋ-ਤਿੰਨ ਛਿੜਕਾਅ ਕਰੋ।

**ਧਿਆਨ ਰੱਖਣ ਯੋਗ ਹਦਾਇਤਾਂ**

★ ਲਘੂ ਤੱਤਾਂ ਦੇ ਮਿਸ਼ਰਣ ਦਾ ਉਪਯੋਗ ਨਾ ਕਰੋ। ★ ਲਘੂ ਤੱਤਾਂ ਦੇ ਨਾਲ ਖਾਦ, ਨਦੀਨਨਾਸ਼ਕਾਂ ਜਾਂ ਕੀਟਨਾਸ਼ਕਾਂ ਦੇ ਮਿਸ਼ਰਣ ਦਾ ਉਪਯੋਗ ਨਾ ਕਰੋ। ★ ਬੋਰਡੋ ਮਿਸ਼ਰਣ ਅਤੇ ਜ਼ਿੰਕ ਸਲਫੇਟ ਦੇ ਛਿੜਕਾਅ ਦਾ ਆਪਸ ਵਿੱਚ ਇੱਕ ਹਫ਼ਤੇ ਦਾ ਫ਼ਰਕ ਜ਼ਰੂਰ ਰੱਖੋ।





# ਨਰਮੇ ਅਤੇ ਕਪਾਹ ਦੇ ਕੀੜੇ ਅਤੇ ਰੋਗਾਂ ਦੀ ਰੋਕਥਾਮ

**ਡਾ. ਦੇਵੀ ਦਿਆਲ ਨਾਰੰਗ** (ਸਾਬਕਾ ਕੀਟ ਵਿਗਿਆਨੀ),
ਪੰਜਾਬ ਖੇਤੀਬਾੜੀ ਯੂਨੀਵਰਸਿਟੀ, ਲੁਧਿਆਣਾ (ਮੋ. 94647-20231)

**(ੳ) ਕੀੜੇ-ਮਕੌੜੇ (ਬੀ ਟੀ ਨਰਮਾ)**

**1. ਕਾਸ਼ਤਕਾਰੀ ਢੰਗ**

★ ਚਿੱਟੀ ਮੱਖੀ ਅਤੇ ਪੱਤਾ ਮਰੋੜ ਬਿਮਾਰੀ ਦੇ ਜ਼ਿਆਦਾ ਹਮਲੇ ਵਾਲੇ ਇਲਾਕਿਆਂ ਵਿੱਚ ਦੇਸੀ ਕਪਾਹ ਦੀ ਬਿਜਾਈ ਨੂੰ ਤਰਜੀਹ ਦਿਉ।

★ ਬਿਜਾਈ 15 ਮਈ ਤੋਂ ਪਹਿਲਾਂ ਕਰੋ।

★ ਗੈਰ ਬੀ ਟੀ ਦੇ ਰੂੰ ਵਾਲੇ ਬੀਜ ਵਿੱਚ ਗੁਲਾਬੀ ਸੁੰਡੀ ਦੇ ਲਾਰਵੇ ਹੋ ਸਕਦੇ ਹਨ। ਬੀਜ ਨੂੰ ਅਪ੍ਰੈਲ ਵਿੱਚ ਲਗਾਤਾਰ 3-4 ਦਿਨ ਧੁੱਪੇ ਸੁੱਕਾ ਕੇ ਬੀਜੋ।

★ ਬਿਜਾਈ ਤੋਂ ਪਹਿਲਾਂ ਸੜਕਾਂ ਦੇ ਕਿਨਾਰਿਆਂ ਅਤੇ ਖਾਲਿਆਂ ਦੀਆਂ ਵੱਟਾਂ ਉੱਤੇ ਉੱਗੇ ਹੋਏ ਕੰਘੀ ਬੂਟੀ, ਪੀਲੀ ਬੂਟੀ, ਧਤੂਰਾ, ਭੰਗ ਆਦਿ ਦੇ ਬੂਟੇ ਪੁੱਟ ਦਿਉ। ਇਸ ਨਾਲ ਚਿੱਟੀ ਮੱਖੀ, ਮਿਲੀ ਬੱਗ ਅਤੇ ਪੱਤਾ ਕਰੋੜ ਬਿਮਾਰੀ ਫੈਲਣ ਦਾ ਖਤਰਾ ਘੱਟ ਜਾਂਦਾ ਹੈ।

★ ਟੀਂਡੇ ਦੇ ਅਮਰੀਕਣ, ਚਿਤਕਬਰੀ ਸੁੰਡੀ, ਤੰਬਾਕੂ ਸੁੰਡੀ, ਚਿੱਟੀ ਮੱਖੀ ਅਤੇ ਤੇਲੇ ਤੋਂ ਬਚਾਅ ਲਈ ਨਰਮੇ ਵਾਲੇ ਖੇਤਾਂ ਨੇੜੇ ਭਿੰਡੀ, ਮੂੰਗੀ, ਅਰਿੰਡ ਜਾਂ ਅਰਹਰ ਨਾ ਬੀਜੋ।

★ ਗੁਲਾਬੀ ਸੁੰਡੀ ਦੇ ਹਮਲੇ ਨੂੰ ਅਗਲੇ ਸਾਲ ਠੱਲ੍ਹ ਪਾਉਣ ਲਈ ਫ਼ਸਲ ਦੀ ਚੁਗਾਈ ਜਲਦੀ ਕਰ ਦਿਉ।



★ ਆਖਰੀ ਚੁਗਾਈ ਤੋਂ ਬਾਅਦ ਨਰਮੇ ਦੇ ਖੇਤਾਂ ਵਿੱਚ ਬਚੀਆਂ ਛਿਟੀਆਂ ਖੇਤਾਂ ਵਿੱਚ ਵਾਹ ਦਿਉ। ਇਸ ਨਾਲ ਗੁਲਾਬੀ ਸੁੰਡੀ ਨੂੰ ਫੈਲਣ ਵਿੱਚ ਠੱਲ੍ਹ ਪੈ ਜਾਏਗੀ।

★ ਆਖਰੀ ਚੁਗਾਈ ਤੋਂ ਬਾਅਦ ਭੇਡਾਂ, ਬੱਕਰੀਆਂ ਨੂੰ ਬਚੇ ਹੋਏ ਟੀਂਡੇ, ਪੱਤੇ ਆਦਿ ਖਾਣ ਲਈ ਖੇਤ ਵਿੱਚ ਛੱਡ ਦਿਉ। ਇਸ ਨਾਲ ਗੁਲਾਬੀ ਸੁੰਡੀ ਦਾ ਅਗਲੇ ਸਾਲ ਵਿੱਚ ਹੋਣ ਵਾਲਾ ਹਮਲਾ ਘੱਟ ਜਾਏਗਾ।

**ਸਾਰਣੀ 1 : ਟੀਂਡੇ ਦੀਆਂ ਸੁੰਡੀਆਂ ਦੀ ਰੋਕਥਾਮ ਲਈ ਕੀਟਨਾਸ਼ਕ**

| | |
|---|---|
| **(ੳ) ਗੁਲਾਬੀ ਅਤੇ ਚਿਤਕਬਰੀ ਸੁੰਡੀਆਂ** | |
| ਮਾਰਕਾ (ਕੀਟਨਾਸ਼ਕ) | ਮਾਤਰਾ/ਏਕੜ |
| ਸਿੰਬੁਸ਼/ਕੋਲਟ/ਸਾਈਪਰੀਕਲ/ਸਾਈਪਰ ਗਾਰਡ (ਸਾਈਪਰਮੈਥਾਇਨ) 10 ਈ ਸੀ | 200 ਮਿਲੀਲਿਟਰ |
| ਸੁਮੀਸੀਡਨ ਫੈਨਵਾਲ 20 ਈ ਸੀ (ਫੈਨਵਲਰੇਟ) | 100 ਮਿਲੀਲੀਟਰ |
| **(ਅ) ਗੁਲਾਬੀ, ਚਿਤਕਬਰੀ ਅਤੇ ਅਮਰੀਕਣ ਸੁੰਡੀ** | |
| ਮਾਰਕਾ (ਕੀਟਨਾਸ਼ਕ) | ਮਾਤਰਾ/ਏਕੜ |
| ਪ੍ਰੋਕਲੇਮ 5 ਐੱਸ ਜੀ (ਐਮਾਮੈਕਟੀਨ ਬੇਨਜ਼ੋਏਟ) | 100 ਗ੍ਰਾਮ |
| ਫਾਸਮਾਈਟ/ਈਮਾਈਟ/ਵੌਲਥਿਆਨ 50 ਈ ਸੀ (ਈਥੀਆਨ) | 800 ਮਿਲੀਲਿਟਰ |
| ਕਿਉਰਾਕਰਾਨ/ਕਰੀਨਾ 50 ਈ ਸੀ (ਪਰੋਫੈਨੋਫਾਸ) | 500 ਮਿਲੀਲਿਟਰ |
| ਫੇਮ 480 ਐਸ ਸੀ (ਫਲੂਬੈਂਡੀਆਮਾਈਡ) | 40 ਮਿਲੀਲਿਟਰ |
| ਕੋਰਾਜਨ 18.5 ਐਸ ਸੀ (ਕਲੋਰਐਂਟਰਾਲਿਨੀਪਰੋਲ) | 60 ਮਿਲੀਲਿਟਰ |
| ਕੋਰੋਬਾਨ/ਡਰਸਬਾਨ/ਲੀਥਲ/ਦੁਰਮੱਟ/ਫੋਰਸ (ਕਲੋਰੋਪਾਈਰੀਫਾਸ) | 2000 ਮਿਲੀਲਿਟਰ |
| **(ੲ) ਤੰਬਾਕੂ ਦੀ ਸੁੰਡੀ** | |
| ਮਾਰਕਾ | ਮਾਤਰਾ/ਏਕੜ |
| ਕੋਰਾਜਨ 18.5 ਐਸ ਸੀ (ਕਲੋਰਐਂਟਰਾਲਿਨੀਪਰੋਲ) | 60 ਮਿਲੀਲਿਟਰ |
| ਰੀਮੋਨ 10 ਈ ਸੀ (ਨੋਵਾਲਿਓਰਾਨ) | 150 ਮਿਲੀਲਿਟਰ |

**ਰਸ ਚੂਸਣ ਵਾਲੇ ਕੀੜੇ**

ਇਨ੍ਹਾਂ ਕੀੜਿਆਂ ਦਾ ਹਮਲਾ ਜੁਲਾਈ ਤੋਂ ਸਤੰਬਰ ਮਹੀਨੇ ਤੱਕ ਜ਼ਿਆਦਾ ਹੁੰਦਾ ਹੈ।

★ **ਚਿੱਟੀ ਮੱਖੀ** : ਇਸ ਦੇ ਬਾਲਗ ਅਤੇ ਬੱਚੇ ਪੱਤਿਆਂ ਤੋਂ ਰਸ ਚੂਸਦੇ ਹਨ। ਇਹ ਪੱਤਿਆਂ ਉੱਤੇ ਸ਼ਹਿਦ ਦੇ ਤੁਪਕਿਆਂ ਵਰਗਾ ਚਿਪਚਿਪਾ ਮਲ ਕੱਢਦੇ ਹਨ। ਇਨ੍ਹਾਂ ਉੱਪਰ ਜੰਮਣ ਕਾਰਨ ਪੱਤੇ ਕਾਲੇ ਹੋ ਜਾਂਦੇ ਹਨ। ਚਿੱਟੀ ਮੱਖੀ ਨਰਮੇ ਵਿੱਚ ਪੱਤਾ ਮਰੋੜ ਬਿਮਾਰੀ ਨੂੰ ਫੈਲਾਉਂਦੀ ਹੈ।

★ **ਤੇਲਾ** : ਤੇਲੇ ਦੇ ਬਾਲਗ ਅਤੇ ਬੱਚੇ ਪੱਤਿਆਂ ਤੋਂ ਰਸ ਚੂਸਦੇ ਹਨ। ਜ਼ਿਆਦਾ ਹਮਲੇ ਦੌਰਾਨ ਪੱਤੇ ਕਿਨਾਰਿਆਂ ਤੋਂ ਪੀਲੇ ਪੈ ਜਾਂਦੇ ਹਨ। ਜ਼ਿਆਦਾ ਹਮਲੇ ਦੌਰਾਨ ਪੱਤੇ ਝੜ ਜਾਂਦੇ ਹਨ।

★ **ਭੂਰੀ ਜੂੰ** : ਇਸ ਦੇ ਬਾਲਕ ਅਤੇ ਬੱਚੇ ਪੱਤੇ ਦੀ ਉਪਰਲੀ ਸਤਹਿ ਨੂੰ ਪਰੋਚਦੇ ਹਨ। ਹਮਲੇ ਦੌਰਾਨ ਵਿਚਕਾਰਲੀ ਨਾੜ ਅਤੇ ਬਾਅਦ ਵਿੱਚ ਬਾਕੀ ਨਾੜੀਆਂ ਦੁਆਲੇ ਹਮਲੇ ਕਾਰਨ ਚਮਕੀਲੀਆਂ ਧਾਰੀਆਂ ਦਿਖਾਈ ਦਿੰਦੀਆਂ ਹਨ। ਜ਼ਿਆਦਾ ਹਮਲੇ ਕਾਰਨ ਪੱਤੇ ਦੂਰੋਂ ਹੀ ਖਾਕੀ ਅਤੇ ਤ੍ਰੁਰੜ ਮੁਰੜ ਹੋ ਜਾਂਦੇ ਹਨ।

★ **ਮੀਲੀ ਬੱਗ** : ਇਸ ਦੇ ਬਾਲਗ ਅਤੇ ਬੱਚੇ ਪੱਤਿਆਂ, ਟਾਹਣੀਆਂ ਅਤੇ ਡੋਡੀਆਂ ਤੋਂ ਰਸ ਚੂਸਦੇ ਹਨ। ਇਸ ਕਾਰਨ ਪੱਤੇ ਡਿੱਗ ਜਾਂਦੇ ਹਨ ਅਤੇ ਬੂਟੇ ਦਾ ਵਾਧਾ ਰੁਕ ਜਾਂਦਾ ਹੈ।

★ **ਚੇਪਾ** : ਚੇਪੇ ਦੇ ਬਾਲਗ ਅਤੇ ਬੱਚੇ ਪੱਤਿਆਂ ਦਾ ਰਸ ਚੂਸਦੇ ਹਨ ਅਤੇ ਪੱਤਿਆਂ ਉੱਤੇ ਸ਼ਹਿਦ ਦੇ ਤੁਪਕਿਆਂ ਵਰਗਾ ਮਲ ਕੱਢਦੇ ਹਨ। ਇਸ ਨਾਲ ਪੱਤਿਆਂ ਉੱਤੇ ਕਾਲੀ ਉੱਲ੍ਹੀ ਪੈਦਾ ਹੋ ਜਾਂਦੀ ਹੈ।

**ਰਸ ਚੂਸਣ ਵਾਲੇ ਕੀੜਿਆਂ ਦੀ ਰੋਕਥਾਮ ਲਈ ਕੀਟਨਾਸ਼ਕ**

ਕੀਟਨਾਸ਼ਕਾਂ ਦਾ ਛਿੜਕਾਅ ਸੰਜਮ ਨਾਲ ਕਰੋ। ਇਨ੍ਹਾਂ ਦੇ ਛਿੜਕਾਅ ਲਈ ਆਰਥਕ ਕਗਾਰਾਂ ਦੀ ਵਰਤੋਂ ਕਰੋ।

**ਆਰਥਕ ਕਗਾਰ**

★ ਬੂਟੇ ਦੇ ਉਪਰਲੇ ਹਿੱਸੇ ਵਿੱਚ ਸਵੇਰੇ 10 ਵਜੇ ਤੋਂ ਪਹਿਲਾਂ ਚਿੱਟੀ ਮੱਖੀ ਦੀ ਗਿਣਤੀ ਪ੍ਰਤੀ ਪੱਤਾ 6 ਹੋ ਜਾਵੇ।

★ ਤੇਲੇ ਲਈ ਛਿੜਕਾਅ ਉਸ ਵਕਤ ਕਰੋ ਜਦੋਂ 50 ਪ੍ਰਤੀਸ਼ਤ ਬੂਟਿਆਂ ਵਿੱਚ ਪੂਰੇ ਬਣ ਚੁੱਕੇ ਪੱਤੇ ਕਿਨਾਰਿਆਂ ਤੋਂ



ਪੀਲੇ ਹੋ ਜਾਣ।

★ ਭੂਰੀ ਜੂੰ ਲਈ ਛਿੜਕਾਅ ਉਸ ਸਮੇਂ ਕਰੋ ਜਦੋਂ ਬੂਟੇ ਦੇ ਉਪਰਲੇ ਹਿੱਸੇ ਵਿੱਚ ਇਸ ਦੇ ਬੱਚੇ ਅਤੇ ਬਾਲਗਾਂ ਦੀ ਗਿਣਤੀ ਪ੍ਰਤੀ ਪੱਤੇ ਤੇ 12 ਹੋ ਜਾਵੇ।

★ ਚੇਪੇ ਵਾਸਤੇ ਛਿੜਕਾਅ ਉਦੋਂ ਕਰੋ ਜਦੋਂ ਵਿਚਕਾਰਲੀ ਛੱਤਰੀ ਦੇ 50 ਪ੍ਰਤੀਸ਼ਤ ਬੂਟਿਆਂ ਦੇ ਪੱਤਿਆਂ ਤੇ ਸ਼ਹਿਦ

ਬਾਕੀ ਸਫਾ 6 'ਤੇ

# ਖੇਤੀ ਦੁਨੀਆਂ

ਪੰਜਾਬੀ ਖੇਤੀਬਾੜੀ ਸਪਤਾਹਿਕ

**KHETI DUNIYAN**

An Exclusive Agricultural Weekly

ਰਜਿਸਟਰਡ ਆਫਿਸ :
9-ਏ, ਅਜੀਤ ਨਗਰ,
ਪਟਿਆਲਾ

ਮਾਰਕੀਟਿੰਗ ਆਫਿਸ :
ਕੇ.ਡੀ. ਕੰਪਲੈਕਸ, ਗਊਸ਼ਾਲਾ ਰੋਡ,
ਨੇੜੇ ਸ਼ੇਰ-ਏ-ਪੰਜਾਬ ਮਾਰਕੀਟ,
ਪਟਿਆਲਾ-147001
ਮੋ.90410-14575
ਈ-ਮੇਲ : khetiduniyan1983@gmail.com

www.khetiduniyan.in

ਸਾਲ 43 ਅੰਕ 35
ਮਿਤੀ 30-08-2025



**ਐਡੀਟਰ**

ਜਗਪ੍ਰੀਤ ਸਿੰਘ

**ਮਾਰਕੀਟਿੰਗ ਦਫਤਰ**

ਪਟਿਆਲਾ
ਫੋਨ : 0175-2214575
ਮੁੰਬਈ
ਦਿੱਲੀ
ਲੁਧਿਆਣਾ
ਬਠਿੰਡਾ

**ਸੰਪਾਦਕੀ ਬੋਰਡ**

ਡਾ. ਡੀ.ਡੀ. ਨਾਰੰਗ
ਡਾ. ਰਣਜੀਤ ਸਿੰਘ
ਡਾ. ਸਵਰਨ ਸਿੰਘ ਮਾਨ
ਡਾ. ਅਮਨਪ੍ਰੀਤ ਸਿੰਘ ਬਰਾੜ
ਜਗਜੀਤ ਸਿੰਘ ਝੱਤਰਾ
ਡਾ. ਵਰਿੰਦਰ ਲਾਠਰ

**ਕੰਪੋਜ਼ਿੰਗ**

ਏਕਤਾ ਕੰਪਿਊਟਰਜ਼, ਪਟਿਆਲਾ

## ਨੋਟ

- ★ ਖੇਤੀ ਦੁਨੀਆਂ ਵਿੱਚ ਛਪਣ ਵਾਲੇ ਲੇਖਾਂ, ਇਸ਼ਤਿਹਾਰਾਂ, ਕਿਸਾਨਾਂ ਦੇ ਵਿਚਾਰਾਂ ਨਾਲ ਸੰਪਾਦਕ ਦੀ ਸਹਿਮਤੀ ਜ਼ਰੂਰੀ ਨਹੀਂ ਹੈ। ਅਦਾਰਾ ਖੇਤੀ ਦੁਨੀਆਂ ਕਿਸੇ ਪੱਖੋਂ ਵੀ ਜ਼ਿੰਮੇਵਾਰ ਨਹੀਂ ਹੈ।
- ★ ਸਿਫਾਰਿਸ਼ ਕੀਤੀਆਂ ਦਵਾਈਆਂ ਦੀ ਮਾਤਰਾ ਭਾਵੇਂ ਮਾਹਿਰਾਂ ਵੱਲੋਂ ਸਿਫਾਰਿਸ਼ ਕੀਤੀ ਹੁੰਦੀ ਹੈ, ਪਰੰਤੂ ਫਿਰ ਵੀ ਆਪਣੇ ਨਜ਼ਦੀਕੀ ਮਾਹਿਰ ਦੀ ਰਾਏ ਜ਼ਰੂਰ ਲਓ।
- ★ ਕਿਸੇ ਵੀ ਪ੍ਰਕਾਰ ਦਾ ਕਾਨੂੰਨੀ ਨਿਪਟਾਰਾ ਪਟਿਆਲਾ ਦੀ ਅਦਾਲਤ ਵਿੱਚ ਹੀ ਹੋਵੇਗਾ।



Editor : **JAGPREET SINGH**,
Printer, Publisher and Owner of Weekly
**'KHETI DUNIYAN'** Printed at **Varginia Printers**,
Shere-e-Punjab Market, Gaushala Road, Patiala-147001 (Pb.)
and published from **Kheti Duniyan**, House No. 9-A, Ajit Nagar,
Patiala-147001 (Pb.). E-mail : khetiduniyan1983@gmail.com
Phone No. 0175-2214575, RNI No.**PUNPUN00806**


# ਸਵੱਛ ਊਰਜਾ 'ਚ ਵਿਸ਼ਵ ਦਾ ਰਾਹ ਦਸੇਰਾ ਭਾਰਤ

ਜਲਵਾਯੂ ਪਰਿਵਰਤਨ ਦੀ ਨਿਰੰਤਰ ਵਿਕਰਾਲ ਹੁੰਦੀ ਚੁਣੌਤੀ ਦੌਰਾਨ ਸਵੱਛ ਊਰਜਾ ਵੱਲ ਹੋਰ ਕਦਮ ਵਧਾਉਣ ਨੂੰ ਲੈ ਕੇ ਕੋਈ ਦੁਚਿੱਤੀ ਨਹੀਂ ਹੈ। ਇਸ ਦੇ ਬਾਵਜੂਦ ਇਹ ਚਰਚਾ ਪਥਰਾਟ ਈਧਨ ਅਤੇ ਰਿਨਿਊਏਬਲ ਐਨਰਜੀ ਯਾਨੀ ਨਵਿਆਉਣਯੋਗ ਊਰਜਾ ਨੂੰ ਲੈ ਕੇ ਗੈਰ-ਜ਼ਰੂਰੀ ਵਾਦ-ਵਿਵਾਦ ਵਿੱਚ ਫਸੀ ਹੋਈ ਹੈ। ਇਸ ਵਿਚ ਊਰਜਾ ਮੁਹਾਂਦਰੇ 'ਤੇ ਸੰਕਰਮਣ ਦੀ ਜਟਿਲਤਾ ਨੂੰ ਅਣਦੇਖਿਆ ਕੀਤਾ ਜਾ ਰਿਹਾ ਹੈ ਅਤੇ ਇਹ ਸਥਿਤੀ ਗਲੋਬਲ ਸਾਊਥ ਯਾਨੀ ਵਿਕਾਸਸ਼ੀਲ ਜਾਂ ਉੱਭਰਦੇ ਹੋਏ ਅਰਥਚਾਰੇ ਵਿਚ ਵੱਧ ਦੇਖਣ ਨੂੰ ਮਿਲ ਰਹੀ ਹੈ।

ਜ਼ਰੂਰਤ ਪਥਰਾਟ ਈਧਨਾਂ ਨੂੰ ਪੂਰੀ ਤਰ੍ਹਾਂ ਨਾਲ ਤਿਆਗਣ ਦੀ ਨਹੀਂ ਬਲਕਿ ਉਨ੍ਹਾਂ 'ਤੇ ਨਿਰਭਰਤਾ ਘਟਾਉਣ ਦੀ ਇਕ ਸੰਤੁਲਿਤ ਨੀਤੀ ਅਤੇ ਗੈਰ-ਪਥਰਾਟ ਈਧਨਾਂ ਵਿਚ ਰਣਨੀਤਕ ਨਿਵੇਸ਼ ਵਧਾਉਣ ਦੀ ਦਿਸ਼ਾ ਵਿਚ ਅੱਗੇ ਵਧਣ ਦੀ ਹੈ। ਸੂਰਜੀ, ਪੌਣ, ਜਲ, ਪਰਮਾਣੂ ਤੇ ਜੈਵ ਊਰਜਾ ਵਿਚ ਨਿਵੇਸ਼ ਇਸ ਰਣਨੀਤੀ ਦੇ ਮੂਲ ਵਿਚ ਹੋਣਾ ਚਾਹੀਦਾ ਹੈ।

ਜ਼ਿਕਰਯੋਗ ਹੈ ਕਿ ਬੀਤੇ ਇਕ ਦਹਾਕੇ ਵਿਚ ਸੂਰਜੀ ਅਤੇ ਪੌਣ ਊਰਜਾ ਦੀ ਲਾਗਤ 80 ਪ੍ਰਤੀਸ਼ਤ ਤੋਂ ਵੀ ਜ਼ਿਆਦਾ ਘਟ ਗਈ ਹੈ। ਇਸ ਕਾਰਨ ਕਈ ਖੇਤਰਾਂ ਵਿਚ ਸੂਰਜੀ-ਪੌਣ ਊਰਜਾ ਦੀ ਲਾਗਤ ਕੋਲੇ ਅਤੇ ਗੈਸ ਤੋਂ ਬਣਨ ਵਾਲੀ ਬਿਜਲੀ ਨਾਲੋਂ ਵੀ ਕਿਫ਼ਾਇਤੀ ਹੋ ਗਈ ਹੈ। ਨਵਿਆਉਣਯੋਗ ਊਰਜਾ ਦੀਆਂ ਕੀਮਤਾਂ ਵਿਚ ਸਥਿਰਤਾ ਪ੍ਰਦਾਨ ਕਰਨ ਦੇ ਨਾਲ ਹੀ ਊਰਜਾ ਸੁਤੰਤਰਤਾ ਵੀ ਯਕੀਨੀ ਬਣਾਉਂਦੀ ਹੈ। ਇਕ ਵਾਰ ਇੰਸਟਾਲ ਹੋਣ ਤੋਂ ਬਾਅਦ ਉਸ ਵਿਚ ਲਾਗਤ ਲਗਪਗ ਮਾਮੂਲੀ ਜਿਹੀ ਰਹਿ ਜਾਂਦੀ ਹੈ। ਇਹ ਕੁਝ ਅਜਿਹੇ ਲਾਭ ਹਨ ਜਿਨ੍ਹਾਂ ਦੀ ਪਥਰਾਟ ਈਧਨ ਕਦੇ ਬਰਾਬਰੀ ਕਰ ਹੀ ਨਹੀਂ ਸਕਦੇ। ਅਜਿਹੀਆਂ ਸਮਰੱਥਾਵਾਂ ਨਾਲ ਭੂ-ਰਾਜਨੀਤਕ ਅੜੀਕਿਆਂ ਨਾਲ ਵੀ ਸੌਖਿਆਂ ਹੀ ਨਜਿੱਠਿਆ ਜਾ ਸਕਦਾ ਹੈ ਕਿਉਂਕਿ ਊਰਜਾ ਨਾਲ ਖ਼ੁਸ਼ਹਾਲ ਖੇਤਰਾਂ ਵਿਚ ਤਣਾਅ ਵਧਣ ਨਾਲ ਸਪਲਾਈ ਲੜੀ ਪ੍ਰਭਾਵਿਤ ਹੋ ਜਾਂਦੀ ਹੈ।

ਰੂਸ-ਯੂਕਰੇਨ ਜੰਗ ਇਸ ਦੀ ਵੱਡੀ ਮਿਸਾਲ ਰਹੀ ਹੈ। ਸਵੱਛ ਘਰੇਲੂ ਊਰਜਾ ਵਿਚ ਨਿਵੇਸ਼ ਕਰਨ ਵਾਲੇ ਦੇਸ਼ ਅਜਿਹੀ ਅਸਥਿਰਤਾ ਤੋਂ ਬਚੇ ਰਹਿ ਸਕਦੇ ਹਨ। ਜਲਵਾਯੂ ਪਰਿਵਰਤਨ ਦੀ ਚੁਣੌਤੀ ਦਾ ਟਾਕਰਾ ਕਰਨ ਲਈ ਨਵਿਆਉਣਯੋਗ ਊਰਜਾ ਦੇ ਸਰੋਤਾਂ ਨੂੰ ਅਪਣਾਉਣਾ ਇਸ ਲਈ ਹੋਰ ਵੀ ਲਾਜ਼ਮੀ ਹੋ ਗਿਆ ਹੈ ਕਿ ਆਲਮੀ ਗ੍ਰੀਨਹਾਊਸ ਗੈਸ ਨਿਕਾਸੀਆਂ ਵਿਚ ਇਕੱਲੇ ਪਥਰਾਟ ਈਧਨਾਂ ਦੀ ਹਿੱਸੇਦਾਰੀ ਲਗਪਗ ਤਿੰਨ-ਚੌਥਾਈ ਹੈ। ਸਪਸ਼ਟ ਹੈ ਕਿ ਨਵਿਆਉਣਯੋਗ ਊਰਜਾ 'ਤੇ ਦਾਅ ਲਗਾਏ ਬਿਨਾਂ ਕਾਰਬਨ ਤੋਂ ਖਹਿੜਾ ਛੁੜਾਉਣਾ ਮੁਸ਼ਕਲ ਹੋਵੇਗਾ।

ਇੰਨੇ ਵਿਆਪਕ ਲਾਭ ਦੇ ਬਾਵਜੂਦ ਇਹ ਇਕ ਤੱਥ ਹੈ ਕਿ ਵਿਕਸਤ ਦੇਸ਼ ਦੀ ਸਵੱਛ ਊਰਜਾ



**ਨਵਿਆਉਣਯੋਗ ਊਰਜਾ ਦੇ ਮੁਹਾਜ਼ 'ਤੇ ਭਾਰਤ ਦੀ ਸਫ਼ਲਤਾ ਦਰਸਾਉਂਦੀ ਹੈ ਕਿ ਜੇਕਰ ਉਹ ਇਸ ਨਾਲ ਸਬੰਧਤ ਵੱਡੇ ਟੀਚੇ ਹਾਸਲ ਕਰ ਸਕਦਾ ਹੈ ਤਾਂ ਦੁਨੀਆ ਵੀ ਉਸ ਦਿਸ਼ਾ ਵਿਚ ਅੱਗੇ ਵਧ ਸਕਦੀ ਹੈ।**

**ਆਦਿੱਤਿਆ ਸਿਨਹਾ**


ਨੂੰ ਅਪਣਾਉਣ ਦੇ ਆਪਣੇ ਟੀਚਿਆਂ ਦੀ ਪੂਰਤੀ ਨਹੀਂ ਕਰ ਸਕੇ ਹਨ। ਸ਼ੁਰੂਆਤੀ ਪੱਥਰ 'ਤੇ ਬੜ੍ਹਤ ਹਾਸਲ ਕਰਨ ਦੇ ਬਾਵਜੂਦ ਯੂਰਪੀ ਸੰਘ ਦੇ ਕਦਮ ਵੀ ਇਸ ਮੁਹਾਜ਼ ਤੋਂ ਥਿੜਕ ਗਏ। ਇਸ ਵਿਚ ਰਾਜਨੀਤਕ ਦਬਾਅ, ਕੀਮਤਾਂ ਨੂੰ ਲੈ ਕੇ ਚਿੰਤਾ ਅਤੇ ਕਾਰਬਨ ਬਾਰੇ ਨਿਯਮਾਂ ਨੂੰ ਲੈ ਕੇ ਵਧਦੇ ਵਿਰੋਧ ਵਰਗੇ ਪਹਿਲੂ ਮੁੱਖ ਤੌਰ 'ਤੇ ਜ਼ਿੰਮੇਵਾਰ ਹਨ।

ਅਮਰੀਕਾ ਵਿਚ ਹਾਲੇ ਵੀ 60 ਪ੍ਰਤੀਸ਼ਤ ਨਾਲੋਂ ਜ਼ਿਆਦਾ ਬਿਜਲੀ ਪਥਰਾਟ ਈਧਨਾਂ ਤੋਂ ਪੈਦਾ ਹੋ ਰਹੀ ਹੈ। ਇਸ ਦਾ ਨਤੀਜਾ ਇਹੀ ਹੈ ਕਿ ਜੋ ਦੇਸ਼ ਜਲਵਾਯੂ ਸੰਕਟ ਵਧਾਉਣ ਲਈ ਸਭ ਤੋਂ ਘੱਟ ਜ਼ਿੰਮੇਵਾਰ ਹਨ, ਉਨ੍ਹਾਂ 'ਤੇ ਹੀ ਸਵੱਛ ਊਰਜਾ ਦੀ ਦਿਸ਼ਾ ਵਿਚ ਤੇਜ਼ੀ ਨਾਲ ਕਦਮ ਵਧਾਉਣ ਦਾ ਦਬਾਅ ਹੈ ਅਤੇ ਉਹ ਵੀ ਉਨ੍ਹਾਂ ਨੂੰ ਸਭ ਤੋਂ ਘੱਟ ਸਮਰਥਨ ਦਿੱਤੇ ਬਿਨਾਂ। ਇਸ ਨਾਲ ਵਿਕਾਸਸ਼ੀਲ ਮੁਲਕਾਂ ਵਾਸਤੇ ਅਸੰਭਵ ਜਿਹੀ ਸਥਿਤੀ ਬਣ ਜਾਂਦੀ ਹੈ। ਇਸ ਨੂੰ ਦੇਖਦੇ ਹੋਏ ਭਾਰਤ, ਇੰਡੋਨੇਸ਼ੀਆ ਅਤੇ ਬ੍ਰਾਜ਼ੀਲ ਸਹਿਤ ਅਫਰੀਕਾ ਦੇ ਇਕ ਵੱਡੇ ਹਿੱਸੇ ਦੇ ਸਾਹਮਣੇ ਦੋਹਰੀ ਚੁਣੌਤੀ ਦਸਤਕ ਦਿੰਦੀ ਹੈ। ਇਕ ਪਾਸੇ ਉਨ੍ਹਾਂ ਨੂੰ ਕਾਰਬਨ ਫੁੱਟਪ੍ਰਿੰਟ ਘਟਾਉਣਾ ਹੈ ਤਾਂ ਦੂਜੇ ਪਾਸੇ ਬੁਨਿਆਦੀ ਢਾਂਚਾ ਤਿਆਰ ਕਰਨਾ ਹੈ, ਲੋਕਾਂ ਨੂੰ ਰੁਜ਼ਗਾਰ ਦਿਵਾਉਣਾ ਅਤੇ ਕਰੋੜਾਂ ਲੋਕਾਂ ਨੂੰ ਹਾਲੇ ਵੀ ਗਰੀਬੀ ਦੇ ਦਾਇਰੇ ਤੋਂ ਬਾਹਰ ਕੱਢਣ ਲਈ ਆਪਣੀ ਆਰਥਿਕਤਾ ਦਾ ਫਾਇਦਾ ਵੀ ਵਧਾਉਣਾ ਹੈ।

ਸੁਭਾਵਿਕ ਹੈ ਕਿ ਇਨ੍ਹਾਂ ਦੇਸ਼ਾਂ ਵਿਚ ਸਨਅਤੀਕਰਨ, ਸ਼ਹਿਰੀਕਰਨ, ਜਨਸੰਖਿਆ ਵਾਧਾ ਅਤੇ ਜੀਵਨ ਪੱਧਰ ਵਿਚ ਸੁਧਾਰ ਨਾਲ ਊਰਜਾ ਦੀ ਮੰਗ ਹੋਰ ਵਧੇਗੀ ਹੀ। ਇਸ ਹਾਲਾਤ ਵਿਚ ਭਾਰਤ ਦੀਆਂ ਉਪਲਬਧੀਆਂ ਜ਼ਿਕਰਯੋਗ ਹਨ। ਇਸ ਨਾਲ ਜੂਨ ਤੱਕ ਦੇਸ਼ ਵਿਚ ਕੁੱਲ ਸਥਾਪਤ ਬਿਜਲੀ ਸਮਰੱਥਾ ਵਿਚ 50.08 ਪ੍ਰਤੀਸ਼ਤ ਹਿੱਸੇਦਾਰੀ ਨਵਿਆਉਣਯੋਗ ਊਰਜਾ ਦੀ ਹੋ ਗਈ।

ਇਹ ਪੜਾਅ ਪੈਰਿਸ ਸਮਝੌਤੇ ਤਹਿਤ ਨੈਸ਼ਨਲ ਡਿਟਰਮਾਈਂਡ ਕੰਟਰੀਬਿਊਸ਼ਨ ਯਾਨੀ ਐਨਡੀਸੀ ਦੀ ਪ੍ਰਤੀਬੱਧਤਾ ਲਈ ਨਿਰਧਾਰਤ ਟੀਚੇ ਤੋਂ ਪੰਜ ਸਾਲ ਪਹਿਲਾਂ ਹੀ ਪਾਰ ਕਰ ਲਿਆ ਗਿਆ। ਇਸ ਵਿਚ ਸੂਰਜੀ, ਪੌਣ, ਪਣ-ਬਿਜਲੀ, ਜੈਵ ਅਤੇ ਪਰਮਾਣੂ ਊਰਜਾ ਸ਼ਾਮਲ ਹਨ। ਕੁੱਲ 484.82 ਗੀਗਾਵਾਟ ਸਥਾਪਤ ਸਮਰੱਥਾ ਵਿਚ ਇਨ੍ਹਾਂ ਨਵਿਆਉਣਯੋਗ ਸਰੋਤਾਂ ਦੀ ਹਿੱਸੇਦਾਰੀ 242.78 ਗੀਗਾਵਾਟ ਹੋ ਗਈ। ਇਹ ਕਿਸੇ ਵੀ ਵਿਕਾਸਸ਼ੀਲ ਦੇਸ਼ ਲਈ ਬਹੁਤ ਦੁਰਲਭ ਮਾਮਲਾ ਹੈ ਜਿਸ ਨੇ ਆਪਣੇ ਲਈ ਨਿਰਧਾਰਤ ਟੀਚੇ ਤੋਂ ਪਹਿਲਾਂ ਹੀ ਅਜਿਹੀ ਸਫਲਤਾ ਪ੍ਰਾਪਤ ਕੀਤੀ। ਇਸ ਵਿਚ ਨੀਤੀਆਂ ਦੀ ਮਹੱਤਵਪੂਰਨ ਭੂਮਿਕਾ ਰਹੀ ਹੈ। ਜਿੱਥੇ ਪੀਐੱਮ-ਕੁਸੁਮ ਅਤੇ ਪੀਐੱਮ ਸੂਰਯਾ ਘਰ ਵਰਗੀਆਂ ਯੋਜਨਾਵਾਂ ਨੇ ਸੂਰਜੀ ਊਰਜਾ ਨੂੰ ਅਪਣਾਉਣਾ ਸਹਿਜ ਬਣਾਇਆ ਹੈ, ਓਥੇ ਹੀ ਸੋਲਰ ਪਾਰਕ ਅਤੇ ਵਿੰਡ ਕੋਰੀਡੋਰ ਸਵੱਛ ਊਰਜਾ ਵਿਚ ਨਿਵੇਸ਼ ਨੂੰ ਲੁਭਾਉਣ ਵਿਚ ਮਦਦਗਾਰ ਬਣੇ ਹਨ। ਜੈਵ ਊਰਜਾ ਦੇ ਵਿਸਥਾਰ ਨੇ ਦਿਹਾਤੀ ਆਰਥਿਕਤਾ ਨੂੰ ਮਜ਼ਬੂਤੀ ਬਖ਼ਸ਼ੀ ਹੈ।

ਇਹੀ ਕਾਰਨ ਹੈ ਕਿ ਜੀ-20 ਦੇਸ਼ਾਂ ਵਿਚ ਭਾਰਤ ਨਿਊਨਤਮ ਪ੍ਰਤੀ ਵਿਅਕਤੀ ਨਿਕਾਸੀ ਵਾਲਾ ਮੁਲਕ ਬਣਿਆ ਹੋਇਆ ਹੈ ਜਿਸ ਨੇ ਸਵੱਛ ਊਰਜਾ ਦੇ ਮੋਰਚੇ 'ਤੇ ਉੱਚੀ ਛਾਲ ਮਾਰੀ ਹੈ। ਭਾਰਤ ਦੀ ਰਣਨੀਤੀ ਵੀ ਬਹੁਤ ਵਿਵਹਾਰਕ ਹੈ। ਦੂਜੇ ਪਾਸੇ ਵਿਕਸਤ ਮੁਲਕ ਜਲਵਾਯੂ ਦੀ ਰੱਖਿਆ



ਪ੍ਰਤੀ ਆਪਣੀ ਜ਼ਿੰਮੇਵਾਰੀ ਤੋਂ ਪਿੱਛੇ ਹਟਦੇ ਜਾ ਰਹੇ ਹਨ। ਅਮਰੀਕਾ, ਇੰਗਲੈਂਡ ਤੇ ਕੈਨੇਡਾ ਆਦਿ ਮੁੱਖ ਸਨਅਤੀ ਮੁਲਕ ਅਤੇ ਭਾਰਤ ਦਾ ਗੁਆਂਢੀ ਚੀਨ ਵੀ ਕਾਰਬਨ ਨਿਕਾਸੀ ਪ੍ਰਤੀ ਕੌਮਾਂਤਰੀ ਨਿਯਮਾਂ-ਕਾਇਦਿਆਂ ਦੀ ਪਾਲਣਾ ਕਰਨ ਤੋਂ ਟਾਲਾ ਵੱਟ ਰਹੇ ਹਨ। ਉਹ ਇਸ ਮਾਮਲੇ ਵਿਚ ਭਾਰਤ ਦੇ ਹੋਰ ਵਿਕਾਸਸ਼ੀਲ ਮੁਲਕਾਂ ਨੂੰ ਤਾਂ ਨਸੀਹਤਾਂ ਦੇ ਰਹੇ ਹਨ, ਪਰ ਆਪ ਕਦਮ ਪਿੱਛੇ ਖਿੱਚਦੇ ਜਾ ਰਹੇ ਹਨ। ਭਾਰਤ ਦੀ ਗੱਲ ਕਰੀਏ ਤਾਂ ਉਹ ਪਥਰਾਟ ਈਧਨਾਂ ਤੋਂ ਇਕਦਮ ਪਿੱਛਾ ਨਹੀਂ ਛੁਡਾ ਰਿਹਾ ਅਤੇ ਕੋਲੇ ਅਤੇ ਗੈਸ ਆਧਾਰਤ ਪਲਾਂਟ ਹਾਲੇ ਵੀ ਪ੍ਰਮੁੱਖ ਊਰਜਾ ਸਪਲਾਈਕਰਤਾ ਬਣੇ ਹੋਏ ਹਨ। ਕਿਉਂਕਿ ਭਾਰਤ ਨੇ 2030 ਤੱਕ ਗੈਰ-ਪਥਰਾਟ ਸਮਰੱਥਾ ਨੂੰ 500 ਗੀਗਾਵਾਟ ਤੱਕ ਲੈ ਕੇ ਜਾਣ ਅਤੇ 2070 ਤੱਕ ਸਿਫ਼ਰ ਕਾਰਬਨ ਨਿਕਾਸੀ ਦਾ ਟੀਚਾ ਨਿਰਧਾਰਤ ਕੀਤਾ ਹੈ ਤਾਂ ਉਸ ਨੂੰ ਗਰਿੱਡ ਆਧੁਨਿਕੀਕਰਨ, ਊਰਜਾ ਭੰਡਾਰਨ, ਕਲੀਨ ਟੈਕ ਮੈਟੀਰੀਅਲ ਰੀਸਾਈਕਲਿੰਗ ਅਤੇ ਗ੍ਰੀਨ ਹਾਈਡ੍ਰੋਜਨ ਵਰਗੇ ਆਧੁਨਿਕ ਈਧਨਾਂ ਵਿਚ ਨਿਵੇਸ਼ ਵਧਾਉਣਾ ਹੋਵੇਗਾ। ਚੀਨ ਵੀ ਅਜਿਹੀਆਂ ਸਮਰੱਥਾਵਾਂ ਨੂੰ ਪ੍ਰਦਰਸ਼ਿਤ ਕਰ ਰਿਹਾ ਹੈ। ਉਹ ਸੋਲਰ ਪੈਨਲ, ਵਿੰਡ ਟਰਬਾਈਨ ਅਤੇ ਇਲੈਕਟ੍ਰਿਕ ਵਾਹਨਾਂ ਦਾ ਸਭ ਤੋਂ ਵੱਡਾ ਉਤਪਾਦਕ ਬਣ ਗਿਆ ਹੈ।

ਫਿਰ ਵੀ ਇਸ ਦੀ ਅਣਦੇਖੀ ਨਹੀਂ ਕੀਤੀ ਜਾ ਸਕਦੀ ਕਿ ਉਹ ਦੁਨੀਆ ਦਾ ਸਭ ਤੋਂ ਵੱਡਾ ਨਿਕਾਸੀਆ ਕਰਨ ਵਾਲਾ ਮੁਲਕ ਹੈ ਜਿਸਦੀ ਅੱਧੀ ਨਾਲੋਂ ਜ਼ਿਆਦਾ ਬਿਜਲੀ ਹਾਲੇ ਵੀ ਕੋਲੇ ਤੋਂ ਬਣਦੀ ਹੈ। ਨਵਿਆਉਣਯੋਗ ਊਰਜਾ ਦਾ ਵਿਸਥਾਰ ਜ਼ਰੂਰੀ ਹੈ ਪਰ ਇਹ ਆਪਣੇ-ਆਪ ਵਿਚ ਕਾਫ਼ੀ ਨਹੀਂ ਅਤੇ ਪਥਰਾਟ ਈਧਨਾਂ ਦੇ ਨਿਰੰਤਰ ਹੁੰਦੇ ਵਿਸਥਾਰ ਵਿਚ ਨਿਕਾਸੀ ਵੀ ਤੇਜ਼ੀ ਨਾਲ ਵਧਦੀ ਰਹੇਗੀ। ਅਜਿਹੀ ਸਥਿਤੀ ਵਿਚ ਸਾਰਿਆਂ ਲਈ ਕੋਈ ਇਕ ਢਾਂਚਾ ਕਾਰਗਰ ਸਾਬਿਤ ਨਹੀਂ ਹੋ ਸਕਦਾ।

ਗਲੋਬਲ ਸਾਊਥ ਨੂੰ ਸਮਝਣਾ ਹੋਵੇਗਾ ਕਿ ਪਥਰਾਟ ਈਧਨਾਂ ਤੋਂ ਰਾਤੋ-ਰਾਤ ਮੁਕਤੀ ਨਹੀਂ ਪਾਈ ਜਾ ਸਕਦੀ ਪਰ ਉਨ੍ਹਾਂ ਨੂੰ ਨਵਿਆਉਣਯੋਗ ਊਰਜਾ ਦੇ ਸਰੋਤਾਂ 'ਤੇ ਸੋਮੇ ਵਧਾਉਣੇ ਹੋਣਗੇ। ਨਵਿਆਉਣਯੋਗ ਊਰਜਾ 'ਤੇ ਕੌਮਾਂਤਰੀ ਨੀਤੀ ਵਿਚ ਵੀ ਬਦਲਾਅ ਜ਼ਰੂਰੀ ਹੈ। ਇਸ ਵਾਸਤੇ ਵਿੱਤੀ ਸੋਮੇ ਉਪਲਬਧ ਕਰਵਾਉਣ ਤੋਂ ਲੈ ਕੇ ਤਕਨੀਕੀ ਤਬਾਦਲੇ ਦੀ ਨੀਤੀ ਨਾ ਸਿਰਫ਼ ਉਦਾਰ ਬਣਾਉਣੀ ਹੋਵੇਗੀ ਬਲਕਿ ਕਈ ਜਟਿਲ ਪਹਿਲੂਆਂ ਦਾ ਵੀ ਧਿਆਨ ਰੱਖਣਾ ਹੋਵੇਗਾ। ਭਾਰਤ ਦੀ ਸਫਲਤਾ ਇਸ ਮਾਮਲੇ ਵਿਚ ਉਮੀਦ ਜਗਾਉਂਦੀ ਹੈ। ਜੇ ਭਾਰਤ ਇਹ ਟੀਚਾ ਹਾਸਲ ਕਰ ਸਕਦਾ ਹੈ ਤਾਂ ਦੁਨੀਆ ਵੀ ਉਸ ਦਿਸ਼ਾ ਵਿਚ ਅੱਗੇ ਵਧ ਸਕਦੀ ਹੈ।

- ਲੇਖਕ ਲੋਕ-ਨੀਤੀ ਵਿਸ਼ਲੇਸ਼ਕ ਹੈ

# ਝੋਨੇ ਦੀ ਰਿਕਾਰਡ ਫ਼ਸਲ 'ਤੇ ਮਧਰੇਪਨ ਦੀ ਬਿਮਾਰੀ

ਭਗਵਾਨ ਦਾਸ

ਖੇਤੀਬਾੜੀ ਮਾਹਿਰਾਂ ਅਨੁਸਾਰ ਚੰਗੇ ਮੀਂਹ ਪੈਣ ਅਤੇ ਮੌਸਮ ਅਨੁਕੂਲ ਰਹਿਣ ਕਾਰਨ ਇਸ ਸਾਲ ਝੋਨੇ ਦੀ ਰਿਕਾਰਡ ਪੈਦਾਵਾਰ ਹੋਣ ਦੀ ਸੰਭਾਵਨਾ ਹੈ। ਝੋਨੇ ਦੀ ਕਾਸ਼ਤ ਹੇਠ ਰਕਬਾ ਵਧਿਆ ਹੈ। ਕਿਸਾਨਾਂ ਨੇ ਖਾਦ ਅਤੇ ਬੀਜ ਸਮੱਗਰੀ 'ਤੇ ਵਧੀਆ ਲਾਗਤ ਨਾਲ ਗੁਣਵੱਤਾ ਵਾਲੀ ਸਮੱਗਰੀ ਇਸਤੇਮਾਲ ਕੀਤੀ ਹੈ। ਨਿੱਜੀ ਡੀਲਰਾਂ ਵਲੋਂ ਵਧੀਆ ਬੀਜ ਕਿਸਾਨਾਂ ਨੂੰ ਮੁਹੱਈਆ ਕੀਤੇ ਗਏ ਹਨ। ਮੁਕਾਬਲਤਨ ਬਹੁਤੇ ਕੇਸ ਮਿਲਾਵਟ ਦੇ ਨੋਟਿਸ ਵਿੱਚ ਨਹੀਂ ਆਏ। ਇੱਕ ਅਨੁਮਾਨ ਅਨੁਸਾਰ ਸਿੱਧੀ ਬਿਜਾਈ ਤਕਰੀਬਨ 16 ਫ਼ੀਸਦੀ ਰਕਬੇ 'ਤੇ ਹੋਈ ਹੈ, ਜਿਸ ਨਾਲ ਪਾਣੀ ਦੀ ਬੱਚਤ ਹੋਵੇਗੀ। ਸਿੱਧੀ ਬਿਜਾਈ ਨਾਲ ਤਕਰੀਬਨ 20 ਫ਼ੀਸਦੀ ਪਾਣੀ ਦੀ ਬੱਚਤ ਹੁੰਦੀ ਹੈ। ਪਿਛਲੇ ਸਾਲਾਂ ਦੌਰਾਨ ਉਪਰਾਲਿਆਂ ਦੇ ਬਾਵਜੂਦ ਸਿੱਧੀ ਬਿਜਾਈ ਥੱਲੇ ਰਕਬਾ ਬਹੁਤਾ ਨਹੀਂ ਵਧਿਆ।

ਪ੍ਰੰਤੂ ਕਈ ਥਾਵਾਂ 'ਤੇ ਜੋ ਝੋਨੇ ਨੂੰ ਮਧਰੇਪਨ ਦੀ ਬਿਮਾਰੀ ਲੱਗ ਗਈ। ਉਸ ਨਾਲ ਫ਼ਸਲ ਦਾ ਕਿੰਨਾ ਕੁ ਨੁਕਸਾਨ ਹੁੰਦਾ ਹੈ, ਇਸ ਦਾ ਅਨੁਮਾਨ ਅਤੇ ਇਸ ਮਧਰੇਪਨ ਦੀ ਬਿਮਾਰੀ ਨੇ ਕਿੰਨਾ ਰਕਬਾ ਆਪਣੇ ਅਸਰ ਹੇਠ ਲਿਆਂਦਾ ਹੈ, ਇਸ ਦਾ ਅੰਦਾਜ਼ਾ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ (ਪੀ. ਏ. ਯੂ.) ਦੇ ਉਪ ਕੁਲਪਤੀ ਡਾ. ਸਤਬੀਰ ਸਿੰਘ ਗੋਸਲ ਅਤੇ ਆਈ. ਸੀ. ਏ. ਆਰ. (ਇੰਡੀਅਨ ਐਗਰੀਕਲਚਰਲ ਰਿਸਰਚ ਇੰਸਟੀਚਿਊਟ (ਪੂਸਾ) ਦੇ ਚੌਲਾਂ ਦੇ ਮਾਹਿਰ ਤੇ ਜੈਨੇਟਿਕਸ ਡਵੀਜ਼ਨ ਦੇ ਮੁੱਖੀ ਡਾ. ਗੋਪਾਲਾ ਕ੍ਰਿਸ਼ਨਨ ਐਸ ਦੀ ਅਗਵਾਈ ਹੇਠ ਕੀਤੇ ਗਏ ਸਰਵੇਖਣ ਤੋਂ ਲਾ ਲੈਣਾ ਚਾਹੀਦਾ ਹੈ। ਡਾ. ਗੋਸਲ ਨੇ 20 ਜ਼ਿਲ੍ਹਿਆਂ ਦਾ ਸਰਵੇਖਣ ਕਰ ਕੇ ਨੀਮ ਪਹਾੜੀ ਇਲਾਕੇ ਜਿਸ ਵਿੱਚ ਪਠਾਨਕੋਟ, ਗੁਰਦਾਸਪੁਰ, ਰੋਪੜ, ਫ਼ਤਿਹਗੜ੍ਹ ਸਾਹਿਬ ਅਤੇ ਪਟਿਆਲਾ ਆਦਿ ਸ਼ਾਮਿਲ ਹਨ, ਵਿੱਚ ਮਧਰੇਪਨ ਦੀ ਬਿਮਾਰੀ ਤੋਂ ਜ਼ਿਆਦਾ ਖੇਤਰ ਪ੍ਰਭਾਵਿਤ ਹੋਇਆ ਜ਼ਾਹਿਰ ਕੀਤਾ ਹੈ। ਡਾ. ਗੋਪਾਲਾ ਕ੍ਰਿਸ਼ਨਨ ਐਸ ਦੀ ਅਗਵਾਈ ਹੇਠ ਆਈ. ਏ. ਆਰ. ਆਈ. ਦੇ ਪੰਜ ਮਾਹਿਰਾਂ ਦੀ ਟੀਮ ਵਲੋਂ ਹਰਿਆਣਾ ਤੇ ਪੰਜਾਬ ਦੇ ਕੁਝ ਜ਼ਿਲ੍ਹਿਆਂ ਵਿੱਚ ਇਸ ਬਿਮਾਰੀ ਦਾ ਕਾਫ਼ੀ ਹਮਲਾ ਦੇਖਿਆ ਗਿਆ ਹੈ। ਡਾ. ਕ੍ਰਿਸ਼ਨਨ ਐਸ ਅਤੇ ਡਾ. ਗੋਸਲ ਵਲੋਂ ਤਿਆਰ ਕੀਤੀਆਂ ਗਈਆਂ ਇਨ੍ਹਾਂ ਰਿਪੋਰਟਾਂ ਤੋਂ ਇਹ ਪ੍ਰਤੱਖ ਹੋਇਆ ਹੈ ਕਿ ਅਗੇਤਾ ਲਾਇਆ ਝੋਨਾ ਇਸ ਬਿਮਾਰੀ ਤੋਂ ਵਧੇਰੇ ਪ੍ਰਭਾਵਿਤ ਹੋਇਆ ਹੈ, ਬਜਾਏ ਦੂਜੇ ਝੋਨੇ ਤੋਂ ਜੋ ਜ਼ਰਾ ਪਿਛੇਤਾ ਲਾਇਆ ਗਿਆ ਸੀ।

ਇਸ ਮਧਰੇਪਨ ਦੀ ਬਿਮਾਰੀ ਤੋਂ ਝੋਨੇ ਦੀਆਂ ਕੁਝ ਕਿਸਮਾਂ ਹੀ ਬਚੀਆਂ ਹਨ। ਕੀ ਪੀ.ਆਰ. ਤੇ ਕੀ ਪੂਸਾ 44 ਸਾਰੀਆਂ ਹੀ ਕਿਸਮਾਂ ਇਸ ਬਿਮਾਰੀ ਦੀ ਜ਼ੱਦ (ਘੇਰੇ) ਵਿੱਚ ਹਨ। ਚੌਲਾਂ ਦੇ ਵਿਸ਼ਵ ਭਰ ਵਿੱਚ ਮੰਨੇ ਹੋਏ ਮਾਹਿਰ ਤੇ ਵਿਗਿਆਨੀ ਡਾ. ਗੁਰਦੇਵ ਸਿੰਘ ਖ਼ੁਸ਼ ਅਤੇ ਰਾਈਸ ਮਿਲਰਜ਼ ਐਸੋਸੀਏਸ਼ਨ ਦੇ ਪ੍ਰਧਾਨ ਤਰਸੇਮ ਸੈਣੀ ਮੰਨਦੇ ਹਨ ਕਿ ਪੂਸਾ-44 ਕਿਸਮ ਦੂਜੀਆਂ ਨਾਲੋਂ ਵੱਧ ਝਾੜ ਦਿੰਦੀ ਹੈ। ਪਰ ਇਸ ਦੀ ਪਾਣੀ ਦੀ ਲੋੜ ਜ਼ਿਆਦਾ ਹੋਣ ਅਤੇ ਇਸ ਦੀ ਰਹਿੰਦ-ਖੂੰਹਦ ਜ਼ਿਆਦਾ ਹੋਣ ਕਾਰਨ ਉਹ ਕਿਸਾਨਾਂ ਨੂੰ ਇਸ ਕਿਸਮ ਦੀ ਬਿਜਾਈ ਕਰਨ ਤੋਂ ਗੁਰੇਜ਼ ਕਰਨ ਲਈ ਕਹਿੰਦੇ ਹਨ। ਡਾ. ਖ਼ੁਸ਼ ਥੋੜ੍ਹੇ ਸਮੇਂ ਵਿੱਚ ਪੱਕਣ ਵਾਲੀਆਂ ਕਿਸਮਾਂ ਨੂੰ ਬੀਜਣ ਦੀ ਸਲਾਹ ਦਿੰਦੇ ਹਨ।


ਇੱਕ ਖੇਤੀ ਵਿਗਿਆਨੀ ਪਟਿਆਲਾ ਨੇੜੇ ਇੱਕ ਫਾਰਮ 'ਚ ਝੋਨੇ ਤੇ ਆਏ ਮੱਧਰੇਪਣ ਦੇ ਰੋਗ ਦੀ ਰਿਪੋਰਟ ਬਣਾਉਂਦਾ ਹੋਇਆ।

ਕਿਸਾਨਾਂ ਦਾ ਕਹਿਣਾ ਹੈ ਕਿ ਜੋ ਕੀਟਨਾਸ਼ਕ ਇਸ ਬਿਮਾਰੀ ਦੇ ਨਾਸ਼ ਲਈ ਸਿਫ਼ਾਰਸ਼ ਕੀਤੇ ਗਏ ਹਨ, ਉਹ ਅਸਰ ਨਹੀਂ ਕਰ ਰਹੇ। ਕਈ ਕਿਸਾਨਾਂ ਨੇ ਇਸ ਫ਼ਸਲ ਨੂੰ ਪੁੱਟ ਕੇ ਨਵੀਂ ਪਨੀਰੀ ਲਗਾਈ ਹੈ। ਪਰ ਬਹੁਤ ਘੱਟ ਕਿਸਾਨਾਂ ਨੂੰ ਨਵੀਂ ਪਨੀਰੀ ਮਿਲ ਸਕੀ ਹੈ। ਆਈ.ਏ.ਆਰ.ਆਈ. ਦੇ ਇੱਕ ਵਿਗਿਆਨੀ ਨੇ ਕਿਹਾ ਕਿ ਸਾਲ 2022 ਵਿੱਚ ਵੀ ਇਸ ਬਿਮਾਰੀ ਦੇ ਫ਼ਸਲ 'ਤੇ ਹਮਲਾ ਕੀਤਾ ਸੀ, ਉਸ ਵੇਲੇ ਵੀ ਦਵਾਈਆਂ ਦੇ ਛਿੜਕਾਅ ਕਾਰਗਰ ਨਹੀਂ ਹੋਏ ਸਨ। ਇਸ ਵਾਰ ਦੀ ਸੈਂਪਲ ਪਰਖ ਕਰਨ ਲਈ ਲੈਬੋਰਟਰੀ ਭੇਜੇ ਗਏ ਹਨ। ਕਿਸਾਨਾਂ ਨੂੰ ਸਲਾਹ ਜਾਰੀ ਕੀਤੀ ਗਈ ਹੈ ਕਿ ਜਦੋਂ ਤੱਕ ਉਹ ਫ਼ਸਲ 'ਤੇ ਵ੍ਹਾਈਟ-ਬੈਕਡ- ਪਲਾਂਟ- ਹਾਪਰ (ਡਬਲਿਊ. ਬੀ. ਐੱਚ.) ਨਾ ਵੇਖਣ, ਉਦੋਂ ਤੱਕ ਉਹ ਦਵਾਈ ਦੀ ਸਪ੍ਰੇਅ ਨਾ ਕਰਨ। ਪਿਛਲੇ ਸਭ ਸਾਲਾਂ ਨਾਲੋਂ ਝੋਨੇ ਦੇ ਉਤਪਾਦਨ ਅਤੇ ਰਕਬਾ ਵਧਣ ਦੇ ਮੱਦੇਨਜ਼ਰ ਇੱਧਰ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਦੇ ਮੰਤਰੀ ਗੁਰਮੀਤ ਸਿੰਘ ਖੁੱਡੀਆਂ ਨੇ ਐਲਾਨ ਕੀਤਾ ਹੈ, ਕਿ ਮੱਕੀ ਦੀ ਕਾਸ਼ਤ ਹੇਠ ਰਕਬਾ ਵਧ ਕੇ ਇੱਕ ਲੱਖ ਹੈਕਟੇਅਰ ਹੋ ਗਿਆ ਹੈ। ਇਸ ਵਿੱਚ ਪਿਛਲੇ ਸਾਲ ਨਾਲੋਂ 13.27 ਫ਼ੀਸਦੀ ਦਾ ਵਾਧਾ ਹੋਇਆ ਹੈ।

# ਕੁਦਰਤ ਨਾਲ ਖਿਲਵਾੜ ਦੀਆਂ ਭਿਆਨਕ ਚੁਣੌਤੀਆਂ

ਮੁਖ਼ਤਾਰ ਗਿੱਲ
ਮੋਬਾਇਲ 98140-82217

ਅਸੀਂ ਹਵਾ, ਮਿੱਟੀ, ਜੰਗਲ ਤੇ ਪਾਣੀ, ਭਾਵ, ਪ੍ਰਕਿਰਤੀ ਦੇ ਹਰ ਸਾਧਨ ਨੂੰ ਨਜ਼ਰਅੰਦਾਜ਼ ਕੀਤਾ ਅਤੇ ਅੱਜ ਇਹ ਸਾਰੀਆਂ ਕੁਦਰਤੀ ਦਾਤਾਂ ਸਾਡੇ ਖ਼ਿਲਾਫ਼ ਹੋ ਗਈਆਂ ਹਨ। ਇਸ ਵਰਤਾਰੇ ਲਈ ਅਸੀਂ ਸਭ ਜ਼ਿੰਮੇਵਾਰ ਹਾਂ। ਮਨੁੱਖੀ ਸੱਭਿਅਤਾ ਦਾ ਵਿਕਾਸ ਹਿਮਾਲਿਆ ਅਤੇ ਉਸ ਦੀਆਂ ਨਦੀਆਂ ਘਾਟੀਆਂ ਤੋਂ ਮੰਨਿਆ ਜਾਂਦਾ ਪਰ ਅੱਜ ਵਿਕਾਸ ਦੇ ਤਰੀਕੇ ਅਤੇ ਜਲਦਬਾਜ਼ੀ ਨਾਲ ਸਮੁੱਚੇ ਹਿਮਾਲਿਆ ਦੇ ਖੋਖਲੇ (ਕਰੈਕ) ਹੋਣ ਦਾ ਸਿਲਸਿਲਾ ਜਾਰੀ ਹੈ। ਉਤਰਾਖੰਡ ਦੇ ਜ਼ਿਲ੍ਹੇ ਉਤਰਕਾਂਸ਼ੀ ਵਿੱਚ ਢਾਈ ਘੰਟੇ ਅੰਦਰ ਤਿੰਨ ਥਾਵਾਂ 'ਤੇ ਬੱਦਲ ਫਟਣ ਨਾਲ ਆਈ 'ਜਲ ਪਰਲੋ' ਨੇ ਭਾਰੀ ਤਬਾਹੀ ਮਚਾਈ। ਗੰਗੋਤਰੀ ਧਾਮ ਦੇ ਮੁੱਖ ਪੜਾਅ ਧਰਾਲੀ ਕਸਬੇ ਦਾ ਬਾਜ਼ਾਰ ਖੀਰ ਗੰਗਾ ਨਦੀ ਵਿੱਚ ਆਏ ਹੜ੍ਹ ਵਿੱਚ ਤਬਾਹ ਹੋ ਗਿਆ। ਘਰ, ਦੁਕਾਨਾਂ ਅਤੇ ਖੀਰ ਗੰਗਾ ਨਦੀ ਕਿਨਾਰੇ ਅਨਿਯਮਿਤ ਉਸਾਰੇ ਹੋਟਲ, ਰੇਸਤਰਾਂ ਅਤੇ ਗੈਸਟ ਹਾਊਸ ਕਾਗਜ਼ ਵਾਂਗ ਹੜ੍ਹ ਵਿੱਚ ਰੁੜ੍ਹ ਗਏ। ਵਿਗਿਆਨੀਆਂ ਨੇ ਬਿਨਾਂ ਯੋਜਨਾ ਬਣੇ ਘਰਾਂ, ਹੋਟਲਾਂ, ਰੇਸਟਰਾਂ, ਗੈਸਟ ਹਾਊਸਾਂ ਨੂੰ ਆਫ਼ਤ ਦਾ ਕਾਰਨ ਦੱਸਿਆ ਹੈ।

ਮੌਨਸੂਨ ਦੇ ਇਸ ਸੀਜ਼ਨ ਵਿੱਚ ਹਿਮਾਚਲ ਪ੍ਰਦੇਸ਼ ਵਿੱਚ ਭਾਰੀ ਮੀਂਹ ਪੈਣ, ਬੱਦਲ ਫੱਟਣ, ਢਿੱਗਾਂ ਡਿੱਗਣ ਅਤੇ ਗਲੇਸ਼ੀਅਰਾਂ ਪਿਘਲਣ ਕਾਰਨ ਨਦੀਆਂ ਵਿੱਚ ਆਏ ਹੜ੍ਹ ਦੀ ਵਜ੍ਹਾ ਕਰ ਕੇ ਚੰਬਾ ਪਠਾਨਕੋਟ ਮਾਰਗ ਧਸ ਗਿਆ। ਸੜਕਾਂ ਬੰਦ ਹੋ ਗਈਆਂ। ਪੰਜਾਬ ਵਿੱਚ ਸਤਲੁਜ ਤੇ ਬਿਆਸ ਦਰਿਆਵਾਂ ਵਿੱਚ ਜ਼ਿਆਦਾ ਪਾਣੀ ਆਉਣ ਕਰ ਕੇ ਦੋਹਾਂ ਦਰਿਆਵਾਂ ਦੇ ਆਸ-ਪਾਸ ਦੇ ਪਿੰਡਾਂ ਵਿੱਚ ਡਰ ਤੇ ਸਹਿਮ ਹੈ ਅਤੇ ਕਿਸਾਨਾਂ ਦੀਆਂ ਫ਼ਸਲਾਂ ਡੁੱਬ ਗਈਆਂ ਹਨ। ਕਪੂਰਥਲਾ ਜ਼ਿਲ੍ਹੇ ਦੇ 12 ਪਿੰਡ ਹੜ੍ਹ ਤੋਂ ਪ੍ਰਭਾਵਿਤ ਹੋਏ ਹਨ। ਕਸਬਾ ਧਰਾਲੀ ਤੇ ਪਿੰਡ ਹਰਸਿਲ ਵਿੱਚ ਹੜ੍ਹ ਦੇ ਰੂਪ ਵਿੱਚ ਜੋ ਦ੍ਰਿਸ਼ ਦੇਖਣ ਨੂੰ ਮਿਲੇ ਹਨ, ਉਹ ਭਿਆਨਕ ਚਿੰਤਾ ਦਾ ਵਿਸ਼ਾ ਹਨ। ਧਰਾਲੀ ਉੱਜੜ ਗਿਆ, ਜੀਵਨ ਸੁੰਨਾ ਹੋ ਗਿਆ। ਮੌਸਮ ਅਤੇ ਕੁਦਰਤੀ ਆਫ਼ਤਾਂ ਦੀ ਜਾਣਕਾਰੀ ਦੇਣ ਵਾਲੇ ਉਪ ਗ੍ਰਹਿ ਭਾਵੇਂ ਕਿੰਨੇ ਵੀ ਆਧੁਨਿਕ ਤਕਨੀਕ ਨਾਲ ਜੁੜੇ ਹੋਣ, ਇਹ ਅਨਿਯਮਤ ਹੋ ਚੁੱਕੇ ਮੌਸਮ ਕਾਰਨ ਬੱਦਲ ਫਟਣ, ਢਿੱਗਾਂ ਡਿੱਗਣ, ਚਟਾਨਾਂ ਖਿਸਕਣ ਅਤੇ ਭਾਰੀ ਮੀਂਹ ਦੀ ਸਟੀਕ ਜਾਣਕਾਰੀ ਨਹੀਂ ਦੇ ਸਕਦੇ। 2013 ਵਿੱਚ ਕੇਦਾਰਨਾਥ ਤ੍ਰਾਸਦੀ ਅਤੇ 2014 ਵਿੱਚ ਜੰਮੂ ਕਸ਼ਮੀਰ ਦੀਆਂ ਨਦੀਆਂ ਵਿੱਚ ਹੜ੍ਹ ਆਉਣ ਦੇ ਸੰਕੇਤ ਵੀ ਉਪ ਗ੍ਰਹਿ ਤੋਂ ਨਹੀਂ ਸਨ ਮਿਲ ਸਕੇ। ਇਸੇ ਤਰ੍ਹਾਂ 2021 ਵਿੱਚ ਧੌਲੀਗੰਗਾ ਨਦੀ ਵਿੱਚ ਅਚਾਨਕ ਆਏ ਹੜ੍ਹ ਵਿੱਚ ਤਪਵਨ ਪਣ ਬਿਜਲੀ ਪ੍ਰਜੈਕਟ ਵਿੱਚ ਕੰਮ ਕਰ ਰਹੇ ਕੁਝ ਮਜ਼ਦੂਰਾਂ ਦੀ ਮੌਤ ਹੋ ਗਈ ਸੀ। ਹਿਮਾਚਲ ਵਿੱਚ ਢਿੱਗਾਂ ਡਿੱਗਣ, ਬੱਦਲ ਫਟਣ ਅਤੇ ਭਾਰੀ ਮੀਂਹ ਨਾਲ ਤਬਾਹੀ ਦੇਖਣ ਨੂੰ ਮਿਲ ਰਹੀ ਹੈ।



ਮੌਸਮ ਵਿਗਿਆਨੀਆਂ ਦਾ ਕਹਿਣਾ ਹੈ ਕਿ ਇਸ ਵਾਰ ਮੌਨਸੂਨ ਵਿੱਚ ਲੰਮੀ ਰੁਕਾਵਟ ਕਰ ਕੇ ਦੇਸ਼ ਦੇ ਕੁਝ ਹਿੱਸਿਆਂ ਵਿੱਚ ਪਏ ਘੱਟ ਮੀਂਹਾਂ ਕਰ ਕੇ ਸੋਕੇ ਵਰਗੇ ਹਾਲਾਤ ਪੈਦਾ ਹੋ ਗਏ ਹਨ, ਜਦਕਿ ਉਤਰਾਖੰਡ ਤੇ ਹਿਮਾਚਲ ਪ੍ਰਦੇਸ਼ ਵਿੱਚ ਜ਼ਿਆਦਾ ਮੀਂਹ ਪੈਣ ਕਰ ਕੇ ਤਬਾਹੀ ਮਚ ਗਈ ਹੈ। ਮੌਨਸੂਨ ਵਿੱਚ ਰੁਕਾਵਟ ਆਉਣ ਕਰ ਕੇ ਬੱਦਲ ਪਹਾੜਾਂ ਉੱਤੇ ਇਕੱਠੇ ਹੋ ਜਾਂਦੇ ਹਨ; ਫਿਰ ਇਹੋ ਮੋਹਲੇਧਾਰ ਮੀਂਹਾਂ ਅਤੇ ਤ੍ਰਾਸਦੀ ਦਾ ਕਾਰਨ ਬਣਦੇ ਹਨ। ਉਂਝ, ਤਬਾਹੀ ਲਈ ਮੌਨਸੂਨ ਨੂੰ ਜ਼ਿੰਮੇਵਾਰ ਠਹਿਰਾ ਕੇ ਜਵਾਬਦੇਹੀ ਤੋਂ ਨਹੀਂ ਬਚਿਆ ਜਾ ਸਕਦਾ। ਕੇਦਾਰਨਾਥ ਵਿੱਚ ਬਿਨਾਂ ਮੌਨਸੂਨ ਦੀ ਰੁਕਾਵਟ ਦੇ ਹੀ ਤਬਾਹੀ ਹੋ ਗਈ ਸੀ।

ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਅਸੀਂ ਅੱਜ ਵੀ ਪ੍ਰਕਿਰਤੀ ਦੇ ਨਿਯਮਾਂ ਨੂੰ ਨਹੀਂ ਸਮਝ ਸਕੇ ਅਤੇ ਨਾ ਹੀ ਉਸ ਦੇ ਵਿਹਾਰ ਨੂੰ ਲੈ ਕੇ ਕੋਈ ਵਿਗਿਆਨਕ ਸਮਝ ਵਿਕਸਤ ਕਰ ਸਕੇ ਹਾਂ। ਹਾਲਾਤ ਮੁਤਾਬਿਕ ਦੇਖੀਏ ਤਾਂ ਜਿੱਥੇ-ਜਿੱਥੇ ਅਸੀਂ ਪ੍ਰਕਿਰਤੀ ਨਾਲ ਜ਼ਿਆਦਾ ਛੇੜਛਾੜ ਕੀਤੀ, ਜਿਵੇਂ ਹਿਮਾਲਿਆ ਦੇ ਖੇਤਰ ਵਿੱਚ, ਉਥੇ-ਉਥੇ ਵਿਨਾਸ਼ਕਾਰੀ ਘਟਨਾਵਾਂ ਸਾਹਮਣੇ ਆ ਰਹੀਆਂ ਹਨ। ਜਲਵਾਯੂ ਪਰਿਵਰਤਨ ਤੇ ਆਲਮੀ ਤਪਸ਼ (ਗਲੋਬਲ ਵਾਰਮਿੰਗ) ਹੁਣ ਕੰਟਰੋਲ ਤੋਂ ਬਾਹਰ ਹੋ ਚੁੱਕੇ ਹਨ। ਗਲੇਸ਼ੀਅਰ ਪਿਘਲਣ ਨਾਲ ਨਦੀਆਂ ਵਿੱਚ ਉਛਾਲ, ਹੜ੍ਹ ਦਾ ਰੂਪ ਧਾਰਨ ਕਰ ਲੈਂਦਾ ਹੈ ਅਤੇ ਤਬਾਹੀ ਦਾ ਸਬੱਬ ਬਣਦਾ ਹੈ। ਹਿਮਾਲਿਆਂ ਦੇ ਖੇਤਰਾਂ, ਉਤਰਾਖੰਡ, ਹਿਮਾਚਲ ਵਿੱਚ ਅਸਾਂ ਸੈਰ ਸਪਾਟੇ ਨੂੰ ਉਤਸ਼ਾਹਿਤ ਕਰਨ ਅਤੇ ਸੈਲਾਨੀਆਂ ਨੂੰ ਸਹੂਲਤਾਂ ਮੁਹੱਈਆ ਕਰਨ ਲਈ ਨਦੀਆਂ ਦਾ ਕੁਦਰਤੀ ਲਾਂਘਾ ਰੋਕਿਆ ਹੈ। ਹਿਮਾਚਲੀ ਨਦੀਆਂ ਅਤੇ ਉਤਰਾਖੰਡ ਦੀ ਖੀਰ ਗੰਗਾ ਆਦਿ ਨਦੀਆਂ ਕਿਨਾਰੇ ਅਨਿਯਮਤ ਹੋਟਲ, ਰੇਸਤਰਾਂ, ਗੈਸਟ ਹਾਊਸ, ਹੋਮ ਸਟੇਅ ਉਸਾਰੇ ਗਏ ਜਿਹੜੇ ਨਦੀਆਂ ਦੇ ਬੇਤਹਾਸ਼ਾ ਪਾਣੀਆਂ ਦੇ ਪਰਵਾਹ ਨੂੰ ਰੋਕਣ ਕਰ ਕੇ ਤਾਸ਼ ਦੇ ਪੱਤਿਆਂ ਵਾਂਗ ਢੇਰ ਹੋ ਗਏ।

ਇਸੇ ਤਰ੍ਹਾਂ ਸਮੁੱਚੇ ਹਿਮਾਲਿਆ ਖੇਤਰ ਵਿੱਚ ਬੀਤੇ ਇੱਕ ਦਹਾਕੇ ਤੋਂ ਸੈਲਾਨੀਆਂ ਲਈ ਸਹੂਲਤਾਂ ਮੁਹੱਈਆ ਕਰਨ ਲਈ ਪਣ ਬਿਜਲੀ ਪ੍ਰਜੈਕਟ, ਰੇਲ ਤੇ ਸੜਕ ਨਿਰਮਾਣ ਦੇ ਕਾਰਜਾਂ ਵਿੱਚ ਕੁਦਰਤ ਨਾਲ ਛੇੜਛਾੜ ਹੋ ਰਹੀ ਹੈ। ਇਨ੍ਹਾਂ ਪ੍ਰਜੈਕਟਾਂ ਲਈ ਹਿਮਾਲਿਆ ਖੇਤਰ ਵਿੱਚੋਂ ਰੇਲ ਲੰਘਾਉਣ ਅਤੇ ਹੋਰ ਕੋਈ ਹਿਮਾਲਿਆਈ ਛੋਟੀ ਨਦੀਆਂ ਨੂੰ ਵੱਡੀਆਂ ਨਦੀਆਂ ਵਿੱਚ ਮਿਲਾਉਣ ਲਈ ਸੁਰੰਗਾਂ ਬਣਾਈਆਂ ਜਾ ਰਹੀਆਂ ਹਨ। ਬਿਜਲੀ ਪ੍ਰਜੈਕਟਾਂ ਲਈ ਵੀ ਜੋ ਪਲਾਂਟ ਲੱਗ ਰਹੇ ਹਨ, ਉਨ੍ਹਾਂ ਲਈ ਹਿਮਾਲਿਆ ਨੂੰ ਖੋਖਲਾ ਕੀਤਾ ਜਾ ਰਿਹਾ ਹੈ। ਜੰਗਲ ਸਾਫ ਕਰ ਦਿੱਤੇ ਗਏ ਹਨ। ਰੁੱਖ ਪਹਾੜਾਂ ਦੀ ਮਿੱਟੀ ਦਾ ਖੋਰਾ ਰੋਕਦੇ ਸਨ।

ਇਹ ਆਧੁਨਿਕ ਉਦਯੋਗਿਕ ਅਤੇ ਟੈਕਨਾਲੋਜੀ ਦੇ ਵਿਕਾਸ ਕਾਰਨ ਕੁਦਰਤ ਵਿੱਚ ਆ ਰਹੇ ਅਸੰਤੁਲਨ ਦਾ ਹੀ ਨਤੀਜਾ ਹੈ ਕਿ ਪਹਾੜ ਟੁੱਟ (ਕਰੈਕ) ਰਹੇ ਹਨ, ਗਲੇਸ਼ੀਅਰ ਪਿਘਲ ਰਹੇ ਹਨ। ਆਫ਼ਤ ਪ੍ਰਭਾਵਿਤ ਧਰਾਲੀ ਤੇ ਹਰਸਿਲ ਖੇਤਰ ਵਿੱਚੋਂ ਵਗਣ ਵਾਲੀ ਭਾਗੀਰਥੀ ਨਦੀ ਉਪਰ ਬਣੀ 1300 ਮੀਟਰ ਲੰਮੀ ਅਤੇ 80 ਮੀਟਰ ਚੌੜੀ ਝੀਲ ਵਿੱਚੋਂ ਪਾਣੀ ਦੀ ਨਿਕਾਸੀ ਹੋ ਰਹੀ ਹੈ। ਪਹਾੜਾਂ ਵਿੱਚ ਭਾਰੀ ਮੀਂਹ ਕਾਰਨ ਇਹ ਝੀਲ ਹੋਂਦ ਵਿੱਚ ਆ ਗਈ ਹੈ। ਹਿਮਾਲਿਆ ਵਿੱਚ ਝੀਲ, ਤਲਾਬ ਅਤੇ ਗਲੇਸ਼ੀਅਰ ਬਣਨਾ ਹੈਰਾਨੀਜਨਕ ਪਰ ਸੁਭਾਵਿਕ ਪ੍ਰਕਿਰਿਆ ਹੈ। ਇਹ ਝੀਲ ਹੁਣ ਧਰਾਲੀ ਤੇ ਹਰਸਿਲ ਲਈ ਸੰਕਟ ਬਣ ਗਈ ਹੈ। ਇਸ ਆਫ਼ਤ ਨੇ ਸਾਫ਼ ਕਰ ਦਿੱਤਾ ਕਿ ਉਤਰਾਖੰਡ ਦੇ ਉੱਚ ਹਿਮਾਲਿਆਈ ਖੇਤਰ ਵਿੱਚ ਝੀਲਾਂ ਦੇ ਖ਼ਤਰੇ ਵਧ ਰਹੇ ਹਨ। ਉਤਰਾਖੰਡ ਵਿੱਚ ਅਜਿਹੀਆਂ 1266 ਝੀਲਾਂ ਹਨ। ਲਿਹਾਜਾ ਇਸ ਨੂੰ ਤੋੜਨਾ ਜ਼ਰੂਰੀ ਹੋ ਗਿਆ ਹੈ। ਜੇ ਇਹ ਕੁਦਰਤੀ ਕਹਿਰ ਨਾਲ ਟੁੱਟਦੀ ਹਨ ਤਾਂ ਖ਼ਤਰਾ ਹੋਰ ਜ਼ਿਆਦਾ ਹੋ ਜਾਵੇਗਾ।

ਹੁਣ ਸਮਾਂ ਆ ਗਿਆ ਹੈ ਜਦੋਂ ਹਿਮਾਚਲ ਪ੍ਰਦੇਸ਼ ਜਾਂ ਉਤਰਾਖੰਡ ਵਰਗੇ ਪਹਾੜੀ ਰਾਜ ਹੀ ਨਹੀਂ, ਸਗੋਂ ਸਾਰੇ ਮੁਲਕ ਨੂੰ ਆਪਣੇ ਢਾਂਚਾਗਤ ਵਿਕਾਸ ਦੀਆਂ ਨੀਤੀਆਂ ਬਾਰੇ ਨਵੇਂ ਸਿਰੇ ਤੋਂ ਵਿਚਾਰ ਕਰਨਾ ਚਾਹੀਦਾ ਹੈ; ਸੈਟਲਮੈਂਟ ਮੈਪਿੰਗ, ਭਾਵ ਨਕਸ਼ਿਆਂ ਦਾ ਅਧਿਐਨ ਕਰਨਾ ਹੋਵੇਗਾ। ਪਿਛਲੇ 200 ਸਾਲਾਂ ਵਿੱਚ ਸਾਡੇ ਰਹਿਣ-ਸਹਿਣ ਸਥਾਨ ਅਤੇ ਆਬਾਦੀ ਵਿੱਚ ਬਹੁਤ ਜ਼ਿਆਦਾ ਤਬਦੀਲੀ ਆਈ ਹੈ। ਜਦੋਂ ਇਹ ਬਸਤੀਆਂ ਹਿਮਾਲਿਆ, ਉਤਰਾਖੰਡ ਜਾਂ ਹਿਮਾਲਿਆਈ ਖੇਤਰਾਂ ਵਿੱਚ ਵੱਸੀਆਂ ਸਨ ਤਾਂ ਇਨ੍ਹਾਂ ਆਫ਼ਤਾਂ ਦੀ ਕਲਪਨਾ ਵੀ ਨਹੀਂ ਸੀ ਕੀਤੀ ਗਈ, ਪਰ ਅੱਜ ਜਦੋਂ ਹਾਲਾਤ ਪੂਰੀ ਤਰ੍ਹਾਂ ਬਦਲ ਚੁੱਕੇ ਹਨ ਤਾਂ ਸਾਨੂੰ ਆਪਣੀਆਂ ਨੀਤੀਆਂ ਬਦਲਦੇ ਜਲਵਾਯੂ ਤੇ ਹਾਲਾਤ ਮੁਤਾਬਿਕ ਢਾਲਣੀਆਂ ਪੈਣਗੀਆਂ। ਪਹਾੜੀ ਖੇਤਰਾਂ ਵਿੱਚ ਕੁਦਰਤ ਨਾਲ ਸੰਤੁਲਨ ਬਣਾ ਕੇ ਵਿਕਾਸ ਕਾਰਜ ਕਰਨੇ ਚਾਹੀਦੇ ਹਨ। ਕੁਦਰਤ ਸਾਨੂੰ ਕੁਝ ਨਾ ਕੁਝ ਦਿੰਦੀ ਹੀ ਹੈ, ਸਾਡੇ ਕੋਲੋਂ ਲੈਂਦੀ ਨਹੀਂ। ਜੇ ਰਾਜ ਸਰਕਾਰ ਕੋਈ ਸੰਤੁਲਿਤ ਨੀਤੀ ਬਣਾ ਵੀ ਲੈਂਦੀ ਹੈ ਤਾਂ ਕਥਿਤ ਵਿਕਾਸ ਦੀ ਚਕਾਚੌਂਧ ਵਿੱਚ ਉਸ ਉੱਤੇ ਅਮਲ ਕਰਨ ਦੀ ਘਾਟ ਕਰ ਕੇ ਹਿਮਾਲਿਆ ਖੇਤਰਾਂ ਵਿੱਚ ਅੰਧਾਧੁੰਦ ਵਿਕਾਸ ਕਾਰਜ ਚੱਲ ਰਹੇ ਹਨ ਜਿਹੜੇ ਕੁਦਰਤੀ ਆਫ਼ਤਾਂ ਨੂੰ ਸੱਦਾ ਦਿੰਦੇ ਹਨ।

# ਸੱਪ ਦੇ ਡੰਗੇ ਵਿਅਕਤੀ ਲਈ ਮੁੱਢਲੀ ਸਹਾਇਤਾ

ਡਾ. ਕੁਲਦੀਪ ਸਿੰਘ ਬਨੂੜ
ਬਨੂੜ, ਜ਼ਿਲ੍ਹਾ ਮੁਹਾਲੀ
ਮੋ. 85280-07000

ਅਕਸਰ ਬਰਸਾਤਾਂ ਦੇ ਦਿਨਾਂ ਵਿੱਚ ਜ਼ਹਿਰੀਲੇ ਜੀਵ-ਜੰਤੂ ਖੁੱਡਾਂ ਵਿੱਚ ਪਾਣੀ ਭਰਨ ਕਰਕੇ ਬਾਹਰ ਆ ਜਾਂਦੇ ਹਨ ਜਿਨ੍ਹਾਂ ਵਿੱਚੋਂ ਇੱਕ ਜੀਵ ਸੱਪ ਵੀ ਹੈ । ਆਮ ਤੌਰ 'ਤੇ ਸੱਪ ਦਾ ਨਾਂਅ ਸੁਣਦਿਆਂ ਹੀ ਵਿਅਕਤੀ ਕੰਬ ਜਾਂਦਾ ਹੈ, ਭਾਵੇਂ ਸੱਪ ਜ਼ਹਿਰੀਲਾ ਵੀ ਨਾ ਹੋਵੇ, ਕਿਉਂਕਿ ਸੱਪ ਦੀ ਦਹਿਸ਼ਤ ਹੀ ਏਨੀ ਬਣੀ ਹੋਈ ਹੈ । ਜੇਕਰ ਸੱਪ ਕਿਸੇ ਵੀ ਵਿਅਕਤੀ ਨੂੰ ਡੰਗ ਜਾਵੇ ਤਾਂ ਉਸ ਨੂੰ ਮੁਢਲੀ ਸਹਾਇਤਾ ਦੇਣੀ ਅਤਿ-ਜ਼ਰੂਰੀ ਹੁੰਦੀ ਹੈ । ਜਿੰਨੀ ਜਲਦੀ ਹੋ ਸਕੇ ਸੱਪ ਦੇ ਕੱਟੇ ਵਿਅਕਤੀ ਨੂੰ ਡਾਕਟਰ ਕੋਲ ਲੈ ਕੇ ਜਾਣ ਦੀ ਕੋਸ਼ਿਸ਼ ਕਰੋ । ਜੇਕਰ ਹੋ ਸਕੇ ਤਾਂ ਸੱਪ ਦੀ ਪਹਿਚਾਣ ਕਰੋ ਕਿ ਸੱਪ ਜ਼ਹਿਰੀਲਾ ਹੈ ਜਾਂ ਨਹੀਂ । ਸੱਪ ਦੇ ਡੰਗੇ ਵਿਅਕਤੀ ਨੂੰ ਮੁੱਢਲੀ ਸਹਾਇਤਾ ਦਿੰਦੇ ਸਮੇਂ ਵਿਅਰਥ ਸਮਾਂ ਨਾ ਗਵਾਓ, ਕਿਉਂਕਿ ਜੇਕਰ ਵਿਅਕਤੀ ਦੇ ਸਰੀਰ ਵਿੱਚ ਜ਼ਹਿਰ ਫੈਲ ਜਾਂਦਾ ਹੈ ਤਾਂ ਇਲਾਜ ਸੰਭਵ ਨਹੀਂ ਹੋਵੇਗਾ । ਜੇਕਰ ਸੱਪ ਨੇ ਵਿਅਕਤੀ ਦੀ ਬਾਂਹ ਜਾਂ ਲੱਤ 'ਤੇ ਡੰਗ ਮਾਰਿਆ ਹੋਵੇ ਤਾਂ ਸਭ ਤੋਂ ਪਹਿਲਾਂ ਵਿਅਕਤੀ ਦੇ ਖੂਨ ਦਾ ਦੌਰਾ ਰੋਕਣ ਲਈ ਜਿਸ ਥਾਂ 'ਤੇ ਸੱਪ ਨੇ ਡੰਗ ਮਾਰਿਆ ਹੋਵੇ, ਉਸ ਥਾਂ ਤੋਂ ਥੋੜ੍ਹਾ ਅੱਗੇ ਦਿਲ ਵੱਲ ਨੂੰ ਘੁੱਟ ਕੇ ਪੱਟੀ ਬੰਨ੍ਹ ਦਿਓ । ਪੱਟੀ ਬੰਨ੍ਹਣ ਲਈ ਪੱਗ, ਟਾਈ, ਰੁਮਾਲ ਜਾਂ ਕਿਸੇ ਹੋਰ ਚੀਜ਼ ਜੋ ਲਚਕੀਲੀ ਨਾ ਹੋਵੇ, ਉਸ ਨਾਲ ਬੰਨ੍ਹਿਆ ਜਾ ਸਕਦਾ ਹੈ। ਬੰਨ੍ਹੀ ਹੋਈ ਪੱਟੀ ਨੂੰ 20-25 ਮਿੰਟ ਬਾਅਦ ਇੱਕ-ਅੱਧੇ ਮਿੰਟ ਲਈ ਢਿੱਲੀ ਕਰੋ । ਫਿਰ ਡਾਕਟਰ ਕੋਲ ਇਸੇ ਤਰ੍ਹਾਂ ਪਹੁੰਚਣ ਤੱਕ ਇਸੇ ਤਰ੍ਹਾਂ ਬੰਨ੍ਹ ਦਿਓ, ਇਸੇ ਤਰ੍ਹਾਂ ਕਰਦੇ ਰਹੋ ।



ਪੱਟੀ ਘੁੱਟ ਕੇ ਬੰਨ੍ਹਣ ਤੋਂ ਬਾਅਦ ਜਿਸ ਥਾਂ 'ਤੇ ਸੱਪ ਨੇ ਡੰਗ ਮਾਰਿਆ ਹੋਵੇ, ਉਸ ਥਾਂ ਨੂੰ ਲਾਲ ਦਵਾਈ (ਪੋਟਾਸ਼ੀਅਮ ਪ੍ਰਮੈਗਨੇਟ) ਦੇ ਘੋਲ ਨਾਲ ਧੋਵੋ ਤਾਂ ਜੋ ਡੰਗੀ ਹੋਈ ਜਗ੍ਹਾ 'ਤੇ ਜ਼ਹਿਰ ਨੂੰ ਘੱਟ ਕੀਤਾ ਜਾ ਸਕੇ । ਜਿੱਥੇ ਸੱਪ ਨੇ ਡੰਗ ਮਾਰਿਆ ਹੋਵੇ, ਉਸ ਥਾਂ ਤੋਂ ਕਿਸੇ ਤਿੱਖੀ ਚੀਜ਼ ਜਾਂ ਉਸਤਰੇ ਨੂੰ ਕੀਟਾਣੂ ਰਹਿਤ ਕਰਕੇ ਲਗਭਗ ਇੱਕ-ਡੇਢ ਇੰਚ ਡੂੰਘਾ ਚੀਰਾ ਦੇ ਦੇਣਾ ਚਾਹੀਦਾ ਹੈ । ਚੀਰਾ ਦੇਣ 'ਤੇ ਜ਼ਖ਼ਮ ਨੂੰ ਲਾਲ ਦਵਾਈ (ਪੋਟਾਸ਼ੀਅਮ ਪ੍ਰਮੈਗਨੇਟ) ਦੇ ਘੋਲ ਨਾਲ ਧੋਵੋ । ਇਸ ਨਾਲ ਜ਼ਹਿਰ ਦਾ ਅਸਰ ਘੱਟ ਹੋਵੇਗਾ ।

**ਧਿਆਨ ਰੱਖਣਯੋਗ ਗੱਲਾਂ**

★ ਰੋਗੀ ਦੇ ਸਾਹਮਣੇ ਨਾਕਾਰਾਤਮਕ ਗੱਲਾਂ ਨਾ ਕਰੋ ਸਗੋਂ ਰੋਗੀ ਨੂੰ ਹੌਸਲਾ ਦਿਓ ।

★ ਰੋਗੀ ਨੂੰ ਮਾਨਸਿਕ ਤੌਰ 'ਤੇ ਚਹਿ-ਚੇਰੀ ਨਾ ਹੋਣ ਦਿਓ ।

★ ਰੋਗੀ ਨੂੰ ਹਮੇਸ਼ਾ ਗਰਮ ਰੱਖੋ ।

★ ਰੋਗੀ ਨੂੰ ਕੋਈ ਵੀ ਕਸ਼ਟ ਨਾ ਦਿਓ ।

★ ਰੋਗੀ ਨੂੰ ਪੀਣ ਲਈ ਗਰਮ ਚਾਹ ਜਾਂ ਗਰਮ ਦੁੱਧ ਦਿਓ ।

★ ਰੋਗੀ ਨੂੰ ਸ਼ਰਾਬ ਨਾ ਪੀਣ ਦਿਓ ।

★ ਰੋਗੀ ਦੀ ਘਬਰਾਹਟ ਦੂਰ ਕਰਨ ਦੀ ਕੋਸ਼ਿਸ਼ ਕਰੋ, ਕਿਉਂਕਿ ਘਬਰਾਹਟ ਰੋਗੀ ਦੀ ਹਾਲਤ ਨੂੰ ਵਿਗਾੜ ਸਕਦੀ ਹੈ ।

★ ਜੇਕਰ ਕਾਫ਼ੀ ਜ਼ਹਿਰੀਲੇ ਸੱਪ ਦੀ ਪਛਾਣ ਹੋ ਗਈ ਹੋਵੇ ਅਤੇ ਤਾਂ ਮੰਨ ਲਓ ਕਿ ਸੱਪ ਨੇ ਉਂਗਲੀ 'ਤੇ ਡੱਸਿਆ ਹੈ ਤਾਂ ਉਸ ਉਂਗਲ ਨੂੰ ਕੱਟਣ ਵਿੱਚ ਹੀ ਭਲਾਈ ਹੋਵੇਗੀ, ਪਰ ਇਹ ਕੰਮ ਯੋਗ ਸਰਜਨ ਹੀ ਕਰ ਸਕਦਾ ਹੈ ।

★ ਜਿੰਨੀ ਜਲਦੀ ਹੋ ਸਕੇ ਰੋਗੀ ਨੂੰ ਡਾਕਟਰ ਕੋਲ ਪਹੁੰਚਾਓ ।

ਆਮ ਤੌਰ 'ਤੇ ਵੇਖਣ ਵਿੱਚ ਆਇਆ ਹੈ ਕਿ ਕੁਝ ਲੋਕ ਸੱਪ ਦੇ ਡੰਗਣ 'ਤੇ ਰੋਗੀ ਨੂੰ ਹਸਪਤਾਲ ਜਾਂ ਡਾਕਟਰ ਕੋਲ ਲਿਜਾਣ ਦੀ ਬਜਾਏ, ਕਿਸੇ ਸਿਆਣੇ ਕੋਲੋਂ ਹੱਥ-ਹੌਲਾ ਕਰਾਉਣ ਲਈ ਲੈ ਜਾਣ ਨੂੰ ਤਰਜੀਹ ਦਿੰਦੇ ਹਨ, ਜੋ ਕਿ ਬਿਲਕੁਲ ਗਲਤ ਹੈ । ਕਈ ਸਿਆਣੇ ਰੋਗੀ ਨੂੰ ਦੇਸੀ ਘਿਓ ਦੀ ਮਾਲਸ਼ ਕਰ ਦਿੰਦੇ ਹਨ, ਜਿਸ ਨਾਲ ਸੱਪ ਦੇ ਡੰਗੇ ਵਿਅਕਤੀ ਦੇ ਸਰੀਰ ਵਿੱਚ ਜ਼ਹਿਰ ਜਲਦੀ ਫੈਲ ਜਾਂਦੀ ਹੈ, ਜੋ ਰੋਗੀ ਦੀ ਮੌਤ ਦਾ ਕਾਰਨ ਵੀ ਬਣ ਸਕਦੀ ਹੈ । ਸੋ, ਹਮੇਸ਼ਾ ਰੋਗੀ ਨੂੰ ਹਸਪਤਾਲ ਜਾਂ ਡਾਕਟਰ ਕੋਲ ਲੈ ਕੇ ਜਾਣਾ ਚਾਹੀਦਾ ਹੈ ਤਾਂ ਜੋ ਰੋਗੀ ਦੀ ਜਾਨ ਬਚਾਈ ਜਾ ਸਕੇ ।

# ਘਰੇਲੂ ਜ਼ਰੂਰਤ ਲਈ ਦਾਲਾਂ ਅਤੇ ਤੇਲ ਬੀਜ ਕਿੱਟ

ਗੁਰਪ੍ਰੀਤ ਸਿੰਘ ਅਤੇ ਤਰਵਿੰਦਰ ਪਾਲ ਸਿੰਘ, ਪਲਾਂਟ ਬਰੀਡਿੰਗ ਅਤੇ ਜੈਨੇਟਿਕਸ ਵਿਭਾਗ, ਪੀ. ਏ. ਯੂ., ਲੁਧਿਆਣਾ
(ਮੋਬਾਇਲ : 98723-91798)

ਦਾਲਾਂ ਅਤੇ ਤੇਲਬੀਜ ਸਾਡੀ ਰੋਜ਼ਾਨਾ ਖੁਰਾਕ ਦਾ ਇੱਕ ਮਹੱਤਵਪੂਰਨ ਅੰਗ ਹਨ । ਦਾਲਾਂ ਪ੍ਰੋਟੀਨ, ਵਿਟਾਮਿਨ (ਬੀ 1 ਅਤੇ ਬੀ 2) ਅਤੇ ਖਣਿਜ ਪਦਾਰਥਾਂ ਜਿਵੇਂ ਕੈਲਸ਼ੀਅਮ, ਲੋਹਾ ਅਤੇ ਪੋਟਾਸ਼ੀਅਮ ਦਾ ਭਰਪੂਰ ਸ੍ਰੋਤ ਹਨ । ਉੱਚ ਤਾਪਮਾਨ ਤੇ ਰਿੰਨ੍ਹਣ ਉਪਰੰਤ ਵੀ ਇਨ੍ਹਾਂ ਦੇ ਪ੍ਰੋਟੀਨ ਤੱਤ ਨਸ਼ਟ ਨਹੀਂ ਹੁੰਦੇ । ਕਨੋਲਾ ਗੋਭੀ ਸਰ੍ਹੋਂ ਦੇ ਤੇਲ ਵਿੱਚ ਹਾਨੀਕਾਰਕ ਇਰੂਸਿਕ ਏਸਿਡ ਦੀ ਅਤੇ ਖੱਲ ਵਿੱਚ ਗਲੂਕੋਸਿਨੋਲੇਟਸ ਦੀ ਮਾਤਰਾ ਘੱਟ ਹੁੰਦੀ ਹੈ ਅਤੇ ਇਸਦੇ ਤੇਲ ਵਿੱਚ ਓਲਿਕ ਏਸਿਡ ਦੀ ਮਾਤਰਾ ਵੱਧ ਹੈ । ਇਹ ਤੇਲ ਭਾਰਤੀ ਸ਼ੈਲੀ ਅਨੁਸਾਰ ਵੱਧ ਤਾਪਮਾਨ ਤੇ ਭੋਜਨ ਤਿਆਰ ਕਰਨ ਲਈ ਢੁੱਕਵਾਂ ਹੈ । ਭਾਰਤ ਵਿੱਚ ਦਾਲਾਂ ਅਤੇ ਖਾਣ ਵਾਲੇ ਤੇਲ ਦੀ ਮੰਗ ਲਗਾਤਾਰ ਵੱਧ ਰਹੀ ਹੈ ।

**ਪੀ. ਏ. ਯੂ. ਦੀ ਦਾਲਾਂ ਅਤੇ ਤੇਲ ਬੀਜ ਕਿੱਟ** : ਘਰੇਲੂ ਪੱਧਰ ਤੇ ਸੰਤੁਲਿਤ ਖੁਰਾਕ ਦੀ ਪੂਰਤੀ ਲਈ ਪੀ.ਏ.ਯੂ. ਲੁਧਿਆਣਾ ਵੱਲੋਂ ਹਾੜ੍ਹੀ ਦੀਆਂ ਦਾਲਾਂ ਅਤੇ ਤੇਲਬੀਜ ਦੀ ਇੱਕ ਕਿੱਟ ਤਿਆਰ ਕੀਤੀ ਹੈ । ਇਸ ਕਿੱਟ ਵਿੱਚ ਛੋਲੇ (400 ਗ੍ਰਾਮ), ਮਸਰ (250 ਗ੍ਰਾਮ),



ਗੋਭੀ ਸਰ੍ਹੋਂ (200 ਗ੍ਰਾਮ) ਅਤੇ ਅਲਸੀ (200 ਗ੍ਰਾਮ) ਦਾ ਬੀਜ ਪਾਇਆ ਗਿਆ ਹੈ । ਇਸ ਕਿੱਟ ਨਾਲ ਛੋਲਿਆਂ ਦੇ 4 ਮਰਲੇ, ਗੋਭੀ ਸਰ੍ਹੋਂ ਦੀ 1 ਕਨਾਲ ਅਤੇ ਅਲਸੀ ਦੇ 2 ਮਰਲੇ ਬੀਜੇ ਜਾ ਸਕਦੇ ਹਨ । ਛੋਲਿਆਂ ਦੀ ਬਿਜਾਈ ਬਰਾਨੀ ਹਾਲਤਾਂ ਵਿੱਚ 10 ਤੋਂ 25 ਅਕਤੂਬਰ ਤੱਕ ਅਤੇ ਸੇਂਜੂ ਹਾਲਤਾਂ ਵਿੱਚ ਅਕਤੂਬਰ ਤੋਂ 10 ਨਵੰਬਰ ਦੇ ਦਰਮਿਆਨ ਕਰ ਦੇਣੀ ਚਾਹੀਦੀ ਹੈ । ਮਸਰ ਨੀਮ ਪਹਾੜੀ ਇਲਾਕਿਆਂ ਵਿੱਚ ਅਕਤੂਬਰ ਦੇ ਦੂਜੇ ਪੰਦਰਵਾੜੇ ਅਤੇ ਦੂਜੇ ਇਲਾਕਿਆਂ ਵਿੱਚ ਅਕਤੂਬਰ ਦੇ ਅਖੀਰ ਤੋਂ ਨਵੰਬਰ ਦੇ ਪਹਿਲੇ ਹਫ਼ਤੇ ਤੱਕ ਬੀਜੋ । ਗੋਭੀ ਸਰ੍ਹੋਂ 10 ਤੋਂ 30 ਅਕਤੂਬਰ ਅਤੇ ਅਲਸੀ ਦੀ ਬਿਜਾਈ ਅਕਤੂਬਰ ਦੇ ਪਹਿਲੇ ਪੰਦਰਵਾੜੇ ਵਿੱਚ ਕਰਨੀ ਚਾਹੀਦੀ ਹੈ । ਇੱਕ ਕਿੱਟ ਤੋਂ ਔਸਤਨ 20 ਕਿੱਲੋ ਛੋਲੇ, 12 ਕਿੱਲੋ ਮਸਰ, 100 ਕਿੱਲੋ ਕਨੋਲਾ ਸਰ੍ਹੋਂ ਅਤੇ 6-8 ਕਿੱਲੋ ਅਲਸੀ ਬੀਜ ਪੈਦਾ ਕੀਤੇ ਜਾ ਸਕਦੇ ਹਨ । ਪੰਜਾਬ ਐਗਰੀਕਲਚਰਲ ਯੂਨੀਵਰਸਿਟੀ, ਲੁਧਿਆਣਾ ਵੱਲੋਂ ਦਿੱਤੀਆਂ ਸਿਫਾਰਸ਼ਾਂ ਨੂੰ ਅਪਣਾ ਕੇ ਕਿਸਾਨ ਵੀਰ ਇਨ੍ਹਾਂ ਫ਼ਸਲਾਂ ਦੀ ਸਫ਼ਲ ਕਾਸ਼ਤ ਕਰ ਸਕਦੇ ਹਨ । ਇਸ ਦਾਲਾਂ ਅਤੇ ਤੇਲ ਬੀਜ ਕਿੱਟ ਦੀ ਕੀਮਤ 200 ਰੁਪਏ ਹੈ ਅਤੇ ਇਹ ਯੂਨੀਵਰਸਿਟੀ ਦੇ ਸਾਰੇ ਕਿਸਾਨ ਮੇਲਿਆਂ ਤੇ ਉਪਲੱਬਧ ਹੋਵੇਗੀ । ਇਸ ਤੋਂ ਇਲਾਵਾ ਇਹ ਕਿੱਟ ਕ੍ਰਿਸ਼ੀ ਵਿਗਿਆਨ ਕੇਂਦਰਾਂ ਅਤੇ ਯੂਨੀਵਰਸਿਟੀ ਦੀ ਬੀਜਾਂ ਦੀ ਦੁਕਾਨ ਤੇ ਵੀ ਉਪਲੱਬਧ ਹੈ ।

------- ਬਾਕੀ ਸਫਾ 3 ਦੀ -------

# ਨਰਮੇ ਅਤੇ ਕਪਾਹ ਦੇ ਕੀੜੇ ਅਤੇ ਰੋਗਾਂ ਦੀ ਰੋਕਥਾਮ

ਵਰਗੀਆਂ ਬੂੰਦਾਂ ਹੋਣ ।

★ ਜਦੋਂ ਮੀਲੀਬੱਗ ਦੇ ਬੱਚੇ ਜਾਂ ਬਾਲਗ ਬੂਟਿਆਂ ਤੇ ਦਿਖਾਈ ਦੇਣ ਓਸ਼ੀਨ 20 ਐਸ ਜੀ (ਡਾਈਨੋਟੈਫੂਰਾਨ) 60 ਗ੍ਰਾਮ ਜਾਂ ਉਲਾਲਾ 50 ਡਬਲਯੂ ਜੀ (ਫਲੋਨਿਕਾਮਿਡ) 80 ਗ੍ਰਾਮ ਪ੍ਰਤੀ ਏਕੜ ਵਰਤੋ ।

★ ਚਿੱਟੀ ਮੱਖੀ ਦੀ ਰੋਕਥਾਮ ਲਈ ਸਫੀਨਾ 50 ਡੀ ਸੀ (ਆਫਿਡੋਪਾਇਰੋਪਿਨ) 400 ਮਿਲੀਲਿਟਰ ਜਾਂ ਫੋਸਮਾਈਟ 50 ਈ ਸੀ (ਈਥੀਅਨ) 800 ਮਿਲੀਲਿਟਰ ਪ੍ਰਤੀ ਏਕੜ ਵਰਤੇ ਜਾ ਸਕਦੇ ਹਨ ।

★ ਤੇਲੇ ਲਈ ਐਕਟਾਰਾ 25 ਡਬਲਯੂ ਜੀ (ਥਾਇਆਮੀਥਾਕਸਮ) 40 ਗ੍ਰਾਮ ਦਾ ਛਿੜਕਾਅ ਵੀ ਕਰ ਸਕਦੇ ਹੋ ।

★ ਭੂਰੀ ਜੂੰ (ਥਰਿਪ) ਕੀਟਨਾਸ਼ਕ ਡੈਲੀਗੇਟ 11.7 ਐਸ ਸੀ (ਸਪਾਈਨੈਟਰਮ) 170 ਮਿਲੀਲਿਟਰ ਜਾਂ ਕਿਊਰਾਕਰੋਨ / ਸੈਲਕਰੋਨ 50 ਈ ਸੀ (ਪ੍ਰੋਫੈਨੋਫਾਸ) 500 ਮਿਲੀਲਿਟਰ ਜਾਂ ਪੋਲੋ 50 ਡਬਲਯੂ ਪੀ (ਡਾਇਆਫੈਨਥੂਯੂਰਾਨ) 200 ਗ੍ਰਾਮ ਪ੍ਰਤੀ ਏਕੜ ਵਰਤੋ ।

**ਬੀ ਟੀ ਨਰਮੇ ਵਿੱਚ ਗੁਲਾਬੀ ਸੁੰਡੀ ਦੀ ਰੋਕਥਾਮ**

ਇਹ ਸੁੰਡੀ ਨਰਮੇ ਦੇ ਫੁੱਲ ਅਤੇ ਟੀਂਡਿਆਂ ਵਿੱਚ ਵੜ ਕੇ ਖਾਂਦੀ ਹੈ ਤੇ



ਟੀਂਡਿਆਂ ਵਿੱਚ ਰੂੰ ਕਾਲੀ ਹੋ ਜਾਂਦੀ ਹੈ ।

**ਗੁਲਾਬੀ ਸੁੰਡੀ ਦੀ ਰੋਕਥਾਮ**

ਇਸ ਦੀ ਰੋਕਥਾਮ ਲਈ ਪ੍ਰਜਨਣ ਵਿਘਣ ਤਕਨੀਕ ਵਰਤੀ ਜਾਂਦੀ ਹੈ ਗੁਲਾਬੀ ਸੁੰਡੀ ਦੇ ਫਿਰੋਮੋਨ ਗੋਸੀਪਲਿਉਰ 4 ਪ੍ਰਤੀਸ਼ਤ 17.11 ਹੈਕਸਾਡਕਾਡਾਈਨਾਫਿਲ ਤੇ ਪੇਸਟਨੁਮਾ ਆਧਾਰਿਤ ਉਤਪਾਦ ਕਰੇਪਿਟ ਪੀ ਬੀ ਡਬਲਯੂ ਲੈਟਮੇਟ ਪੀ ਬੀ ਡਬਲਯੂ ਨੂੰ ਤਿੰਨ ਵਾਰ 125 ਗ੍ਰਾਮ ਪ੍ਰਤੀ ਏਕੜ ਪ੍ਰਤੀ ਡੋਜ ਦੀ ਵਰਤੋਂ ਕਰੋ ।

ਨਰਮੇ ਦੀ ਫ਼ਸਲ ਤੇ 45-55 ਦਿਨਾਂ ਦੇ ਵਕਫੇ ਤੇ ਇੱਕ ਏਕੜ ਵਿੱਚ 400 ਬੂਟਿਆਂ ਤੇ ਇਕਸਾਰ ਲਗਾਇਆ ਜਾਵੇ । ਦੂਜੀ ਅਤੇ ਤੀਜੀ ਡੋਜ ਨੂੰ ਇੱਕ-ਇੱਕ ਮਹੀਨੇ ਦੇ ਵਕਫੇ ਤੇ ਦੁਹਰਾਇਆ ਜਾਵੇ ।

**ਨੋਟ** : ਜੇਕਰ ਲਗਾਉਣ ਤੋਂ 4-5 ਘੰਟਿਆਂ ਅੰਦਰ ਮੀਂਹ ਪੈ ਜਾਵੇ ਤਾਂ ਇਸ ਦੀ ਵਰਤੋਂ ਦੁਹਰਾਓ ।

**ਸਪਰੇਅ ਤਕਨਾਲੋਜੀ** :

ਨੈਪਸੈਕ ਲਈ 125-150 ਲਿਟਰ, ਰੰਨ ਸਪਰੇਅਰ ਲਈ 300-400 ਲਿਟਰ ਅਤੇ ਪੀ ਏ ਯੂ ਬਹੁਮੰਤਵੀ ਸਪਰੇਅਰ ਲਈ 250-400 ਲਿਟਰ ਪਾਣੀ ਪ੍ਰਤੀ ਏਕੜ ਵਰਤੋ । ਸਪਰੇਅਰ ਨਾਲ ਹਾਲੋਕੋਨ ਵਾਲੀਆਂ ਨੋਜ਼ਲਾਂ ਹੋਣੀਆਂ ਚਾਹੀਦੀਆਂ ਹਨ ।

**(ਅ) ਨਰਮੇ ਅਤੇ ਕਪਾਹ ਦੀਆਂ ਬਿਮਾਰੀਆਂ ਅਤੇ ਰੋਕਥਾਮ**

**1. ਪੱਤਾ ਮਰੋੜ (ਲੀਫ ਕਰਲ)** : ਚਿੱਟੀ ਮੱਖੀ ਨਾਲ ਫੈਲਣ ਵਾਲਾ ਇਹ ਵਿਸ਼ਾਣੂ ਰੋਗ ਹੈ । ਇਸ ਨਾਲ ਰੋਗੀ ਬੂਟਿਆਂ ਦੇ ਪੱਤਿਆਂ ਦੀਆਂ ਹੇਠਲੀਆਂ ਨਾੜੀਆਂ ਮੋਟੀਆਂ ਹੋ ਜਾਂਦੀਆਂ ਹਨ । ਪੱਤੇ ਕੌਲੀਆਂ ਕੱਪਾਂ ਦੀ ਸ਼ਕਲ ਅਖਤਿਆਰ ਕਰ ਲੈਂਦੇ ਹਨ । ਇਸ ਬਿਮਾਰੀ ਨੂੰ ਘਟਾਉਣ ਲਈ ਨਰਮੇ ਦੇ ਖੇਤ ਵਿੱਚੋਂ ਸ਼ੁਰੂ ਵਿੱਚ ਬਿਮਾਰੀ ਵਾਲੇ ਬੂਟੇ ਪੁੱਟ ਕੇ ਦੱਬ ਦਿਓ ਅਤੇ ਨਰਮੇ ਨੂੰ ਚਿੱਟੀ ਮੱਖੀ ਦੇ ਹਮਲੇ ਤੋਂ ਬਚਾਓ ।



**2. ਪੈਰਾਵਿਲਟ** : ਜਦੋਂ ਸੋਕੇ ਤੋਂ ਬਾਅਦ ਫ਼ਸਲ ਨੂੰ ਪਾਣੀ ਲਾਇਆ ਜਾਵੇ ਜਾਂ ਭਾਰਾ ਮੀਂਹ ਪੈ ਜਾਵੇ ਤਾਂ ਬੂਟਿਆਂ ਦੇ ਪੱਤੇ ਅਚਾਨਕ ਮੁਰਝਾ ਜਾਂਦੇ ਹਨ । ਪਰ ਜੜ੍ਹਾਂ ਉੱਪਰ ਕੋਈ ਮਾੜਾ ਅਸਰ ਦਿਖਾਈ ਨਹੀਂ ਦਿੰਦਾ ।

★ ਇਸ ਦੇ ਇਲਾਜ ਲਈ ਬਿਮਾਰੀ ਨੂੰ ਦੇਖਦੇ ਸਾਰ ਹੀ ਬੂਟਿਆਂ ਉੱਪਰ ਕੋਬਾਲਟ ਕਲੋਰਾਈਡ 10 ਮਿਲੀਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰੋ ।

**3. ਜੜ੍ਹਾਂ ਦਾ ਗਲਣਾ** : ਇਸ ਨਾਲ ਪੱਤਣ ਕਮਲਾਅ ਕੇ ਝੜ ਜਾਂਦੇ ਹਨ । ਬੂਟੇ ਸੁੱਕ ਜਾਂਦੇ ਹਨ । ਖੇਤ ਵਿੱਚ ਬਿਮਾਰੀ ਗੋਲ ਧੌੜੀਆਂ ਵਿੱਚ ਹੁੰਦਾ ਹੈ । ਬਿਮਾਰੀ ਵਾਲੇ ਬੂਟੇ ਆਰਾਮ ਨਾਲ ਪੁੱਟੇ ਜਾ ਸਕਦੇ ਹਨ । ਜੜ੍ਹਾਂ ਦਾ ਛਿਲਕਾ ਗਲ ਕੇ ਜਾਲੀ ਵਰਗਾ ਹੋ ਜਾਂਦਾ ਹੈ ।

**4. ਪੱਤਿਆਂ ਤੇ ਧੱਬਿਆਂ ਦਾ ਰੋਗ** : ਪੱਤਿਆਂ ਉੱਤੇ ਗੋਲ, ਤਿਕੋਨੇ, ਭੂਰੇ ਜਾਂ ਕਾਲੇ ਰੰਗ ਦੇ ਧੱਬੇ ਪੈ ਜਾਂਦੇ ਹਨ । ਗੰਭੀਰ ਹਾਲਤਾਂ ਵਿੱਚ ਇਹ ਧੱਬੇ ਮਿਲ ਕੇ ਪੱਤੇ ਦੇ ਸਾਰੇ ਹਿੱਸਿਆਂ ਵਿੱਚ ਫੈਲ ਜਾਂਦੇ ਹਨ । ਪੱਤੇ ਸੁੱਕ ਕੇ ਝੜ ਜਾਂਦੇ ਹਨ ।

ਇਸ ਦੀ ਰੋਕਥਾਮ ਲਈ ਧੱਬਿਆਂ ਦੀਆਂ ਨਿਸ਼ਾਨੀਆਂ ਨਜ਼ਰ ਪੈਣ ਤੇ 200 ਮਿਲੀਲਿਟਰ ਐਮੀਸਟਾਰ ਟੌਪ 325 ਐਸ ਸੀ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਸਪਰੇਅ ਕਰੋ ।

**5. ਪੱਤੇ ਕਮਲਾਉਣਾ (ਵਿਲਟ)** : ਇਹ ਬਿਮਾਰੀ ਉੱਲੀ ਕਰਕੇ ਹੁੰਦੀ ਹੈ । ਇਸ ਨਾਲ ਪਹਿਲਾਂ ਪੱਤੇ ਪੀਲੇ ਪੈ ਜਾਂਦੇ ਹਨ ਤੇ ਫਿਰ ਡਿੱਗ ਜਾਂਦੇ ਹਨ । ਪੌਦੇ ਪੂਰੇ ਜਾਂ ਅੱਧ-ਪਚੱਧੇ ਕੁਮਲਾਅ ਜਾਂਦੇ ਹਨ । ਇੱਕ ਪਾਸਾ ਬਿਮਾਰੀ ਹੇਠ ਆ ਕੇ ਮਾਰਿਆ ਜਾਂਦਾ ਹੈ । ਬਿਮਾਰੀ ਵੱਧਣ ਨਾਲ ਪੌਦੇ ਮਰ ਜਾਂਦੇ ਹਨ । ਪੌਦੇ ਦੀਆਂ ਪਾਣੀ ਤੇ ਖੁਰਾਕ ਲੈ ਕੇ ਜਾਣ ਵਾਲੀਆਂ ਨਾੜੀਆਂ ਦਾ ਰੰਗ ਭੂਰਾ ਅਤੇ ਕਾਲਾ ਹੋ ਜਾਂਦਾ ਹੈ ।

ਇਸ ਬਿਮਾਰੀ ਦੀ ਰੋਕਥਾਮ ਲਈ ਦੇਸੀ ਕਪਾਹ ਦੀ ਕਿਸਮ ਐਲ ਡੀ 1019 ਅਤੇ ਐਲ ਡੀ 949 ਬੀਜੋ ।

ਬਿਮਾਰੀ ਦਾ ਅਸਰ ਘਟਾਉਣ ਲਈ ਕਪਾਹ ਨੂੰ 5-6 ਸਾਲ ਲਈ ਬਿਮਾਰੀ ਵਾਲੇ ਖੇਤ ਵਿੱਚ ਨਾ ਬੀਜੋ ।

# ਮੱਕੀ ਫ਼ਸਲ ਦੇ ਨਿਰੰਤਰ ਨਿਰੀਖਣ ਦੀ ਲੋੜ

ਡਾ. ਅਮਰੀਕ ਸਿੰਘ (ਮੋਬਾਇਲ : 94630-71919)



**ਮੱਕੀ ਹੇਠ ਰਕਬਾ ਵਧਾਉਣ ਵਿੱਚ ਮੁੱਖ ਸਮੱਸਿਆ ਮੰਡੀਕਰਨ ਦੀ ਹੈ। ਮੱਕੀ ਉਤਪਾਦਕਾਂ ਨੂੰ ਪਿਛਲੇ ਸਮੇਂ ਦੌਰਾਨ ਬਹਾਰ ਰੁੱਤ ਦੀ ਮੱਕੀ ਦਾ ਸਹੀ ਭਾਅ ਕਦੇ ਨਹੀਂ ਮਿਲਿਆ...**

ਮੱਕੀ ਅਜਿਹੀ ਫ਼ਸਲ ਹੈ, ਜਿਸ ਨੂੰ ਭਵਿੱਖ ਦੀ ਫ਼ਸਲ ਵਜੋਂ ਦੇਖਿਆ ਜਾ ਰਿਹਾ ਹੈ। ਮੱਕੀ ਦੀ ਵਰਤੋਂ 25 ਫ਼ੀਸਦੀ ਖ਼ੁਰਾਕ, 49 ਫ਼ੀਸਦੀ ਮੁਰਗੀਆਂ ਦੀ ਫੀਡ, 12 ਫ਼ੀਸਦੀ ਪਸ਼ੂਆਂ ਲਈ ਚਾਰਾ, 12 ਫ਼ੀਸਦੀ ਸਟਾਰਚ ਬਣਾਉਣ ਲਈ, 1 ਫ਼ੀਸਦੀ ਸ਼ਰਾਬ ਬਣਾਉਣ ਲਈ ਅਤੇ 1 ਫ਼ੀਸਦੀ ਬੀਜ ਦੇ ਤੌਰ 'ਤੇ ਕੀਤੀ ਜਾਂਦੀ ਹੈ। ਇੱਕ ਅੰਦਾਜ਼ੇ ਮੁਤਾਬਕ 2030 ਤੱਕ 300 ਮਿਲੀਅਨ ਟਨ ਮੱਕੀ ਦੀ ਜ਼ਰੂਰਤ ਪਵੇਗੀ। ਪੰਜਾਬ ਵਿੱਚ ਮੱਕੀ ਦੀ ਕਾਸ਼ਤ ਸਾਲ 1976-77 ਵਿੱਚ 5.8 ਲੱਖ ਹੈਕਟੇਅਰ ਰਕਬੇ ਵਿੱਚ ਕੀਤੀ ਜਾਂਦੀ ਸੀ, ਜੋ ਘੱਟ ਕੇ ਹੁਣ 1.3 ਲੱਖ ਹੈਕਟੇਅਰ ਰਹਿ ਗਿਆ ਹੈ। ਪੋਲਟਰੀ, ਪਸ਼ੂ ਖ਼ੁਰਾਕ ਅਤੇ ਸਟਾਰਚ ਉਦਯੋਗ ਦੀ ਮੰਗ ਨੂੰ ਪੂਰਿਆਂ ਕਰਨ ਲਈ ਮੱਕੀ ਹੇਠ ਰਕਬਾ 8 ਲੱਖ ਹੈਕਟੇਅਰ ਤੱਕ ਵਧਾਇਆ ਜਾ ਸਕਦਾ ਹੈ। ਮੱਕੀ ਦੀ ਪ੍ਰਤੀ ਹੈਕਟੇਅਰ ਉਤਪਾਦਕਤਾ 39.0 ਕੁਇੰਟਲ ਹੈ ਜਦ ਕਿ ਦੋਗਲੀਆਂ ਕਿਸਮਾਂ ਪ੍ਰਤੀ ਹੈਕਟੇਅਰ ਤਕਰੀਬਨ 52 ਕੁਇੰਟਲ ਤੱਕ ਪੈਦਾਵਾਰ ਹੋਣ ਦੀ ਸਮਰੱਥਾ ਰੱਖਦੀਆਂ ਹਨ।

## ਮੁੱਖ ਸਮੱਸਿਆ ਮੰਡੀਕਰਨ ਦੀ

ਮੱਕੀ ਹੇਠ ਰਕਬਾ ਵਧਾਉਣ ਵਿੱਚ ਮੁੱਖ ਸਮੱਸਿਆ ਮੰਡੀਕਰਨ ਦੀ ਹੈ ਕਿਉਂਕਿ ਮੱਕੀ ਉਤਪਾਦਕਾਂ ਨੂੰ ਪਿਛਲੇ ਸਮੇਂ ਦੌਰਾਨ ਬਹਾਰ ਰੁੱਤ ਦੀ ਮੱਕੀ ਦਾ ਵਾਜ਼ਿਬ ਭਾਅ ਨਹੀਂ ਮਿਲਿਆ। 49 ਫ਼ੀਸਦੀ ਮੱਕੀ ਦੀ ਫ਼ਸਲ ਦੀ ਵਰਤੋਂ ਪੋਲਟਰੀ ਫੀਡ ਉਦਯੋਗ ਵਿੱਚ ਵਰਤੀ ਜਾਂਦੀ ਹੈ। ਕਟਾਈ ਦੌਰਾਨ ਮੱਕੀ ਦੇ ਦਾਣਿਆਂ ਵਿੱਚ ਨਮੀ ਦੀ ਮਾਤਰਾ ਵੱਧ (25-30%) ਹੋਣਾ ਹੈ ਜਦਕਿ ਚੰਗੇ ਮੰਡੀਕਰਨ ਲਈ ਇਹ ਨਮੀ 14% ਤੋਂ ਵੱਧ ਨਹੀਂ ਹੋਣੀ ਚਾਹੀਦੀ। ਇਸ ਤੋਂ ਇਲਾਵਾ ਕਿਸਾਨਾਂ ਦੇ ਖੇਤਾਂ ਵਿੱਚ ਪ੍ਰਤੀ ਹੈਕਟੇਅਰ ਉਤਪਾਦਕਤਾ ਘੱਟ ਹੋਣ ਦੇ ਮੁੱਖ ਕਾਰਨਾਂ ਵਿੱਚ ਪ੍ਰਤੀ ਯੂਨਿਟ ਪੌਦਿਆਂ ਦੀ ਗਿਣਤੀ ਘੱਟ ਹੋਣਾ, ਨਦੀਨਨਾਸ਼ਕਾਂ ਰਸਾਇਣਾਂ ਦੀ ਘੱਟ ਵਰਤੋਂ, ਕੀੜਿਆਂ, ਬਿਮਾਰੀਆਂ ਵੱਲ ਘੱਟ ਧਿਆਨ ਦੇਣਾ, ਮੰਡੀਕਰਨ ਦਾ ਢੁੱਕਵਾਂ ਢਾਂਚਾ ਨਾ ਹੋਣਾ ਆਦਿ ਕੁਝ ਅਜਿਹੇ ਕਾਰਨ ਹਨ, ਜਿਨ੍ਹਾਂ ਨੂੰ ਜੇਕਰ ਖ਼ਤਮ ਕਰ ਦਿੱਤਾ ਜਾਵੇ ਤਾਂ ਪ੍ਰਤੀ ਹੈਕਟੇਅਰ ਪੈਦਾਵਾਰ ਵਿੱਚ ਵਾਧੇ ਦੇ ਨਾਲ-ਨਾਲ ਮੱਕੀ ਹੇਠ ਰਕਬੇ ਵਿੱਚ ਵਾਧਾ ਕੀਤਾ ਜਾ ਸਕਦਾ ਹੈ। ਪੰਜਾਬ ਸਰਕਾਰ ਵਲੋਂ ਖੇਤੀ ਵਿਭਿੰਨਤਾ ਨੂੰ ਉਤਸ਼ਾਹਿਤ ਕਰਨ ਲਈ ਪੰਜਾਬ ਦੇ ਛੇ ਜ਼ਿਲ੍ਹਿਆਂ ਗੁਰਦਾਸਪੁਰ, ਪਠਾਨਕੋਟ, ਜਲੰਧਰ, ਕਪੂਰਥਲਾ, ਬਠਿੰਡਾ ਅਤੇ ਸੰਗਰੂਰ ਵਿੱਚ ਪਾਇਲਟ ਪ੍ਰੋਜੈਕਟ ਚਲਾਇਆ ਜਾ ਰਿਹਾ ਹੈ ਜਿਸ ਤਹਿਤ ਝੋਨੇ ਦੀ ਫ਼ਸਲ ਹੇਠੋਂ ਰਕਬਾ ਕੱਢ ਕੇ ਮੱਕੀ ਦੀ ਕਾਸ਼ਤ ਹੇਠ ਲਿਆਂਦਾ ਜਾਣਾ ਹੈ। ਸਾਉਣੀ ਦੀ ਮੱਕੀ ਦੀ ਕਾਸ਼ਤ ਕਰਨ ਵਾਲੇ ਕਿਸਾਨਾਂ ਨੂੰ 17500/- ਰੁਪਏ ਪ੍ਰਤੀ ਹੈਕ ਬਤੌਰ ਪ੍ਰੋਤਸਾਹਨ ਰਾਸ਼ੀ ਦਿੱਤੇ ਜਾਣੇ ਹਨ ਅਤੇ ਮੱਕੀ ਦੀ ਖ਼ਰੀਦ ਘੱਟੋ-ਘੱਟ ਸਮਰੱਥਨ ਮੁੱਲ 'ਤੇ ਕਰਨੀ ਯਕੀਨ ਬਣਾਈ ਜਾਣੀ ਹੈ।

## ਫ਼ਸਲ ਲਈ ਖ਼ਤਰਾ ਨਵਾਂ ਕੀੜਾ ਫਾਲ ਆਰਮੀ ਵਰਮ

ਇਸ ਦੇ ਨਾਲ ਹੀ ਅਜੋਕੇ ਸਮੇਂ ਵਿੱਚ ਮੱਕੀ ਦੀ ਫ਼ਸਲ ਲਈ ਖ਼ਤਰਾ ਨਵਾਂ ਕੀੜਾ ਫਾਲ ਆਰਮੀ ਵਰਮ ਬਣਦਾ ਜਾ ਰਿਹਾ ਹੈ, ਜਿਸ ਬਾਰੇ ਕਿਸਾਨਾਂ ਨੂੰ ਜਾਣਕਾਰੀ ਅਤੇ ਰੋਕਥਾਮ ਕਰਨ ਦੇ ਤਰੀਕਿਆਂ ਬਾਰੇ ਜਾਣੂ ਹੋਣਾ ਬਹੁਤ ਜ਼ਰੂਰੀ ਹੈ। ਇਹ ਕੀੜਾ ਸਭ ਤੋਂ ਪਹਿਲਾਂ 2016 ਦੌਰਾਨ ਅਫ਼ਰੀਕਨ ਦੇਸ਼ਾਂ ਵਿੱਚ ਮੱਕੀ ਦੀ ਫ਼ਸਲ 'ਤੇ ਦੇਖਿਆ ਗਿਆ, ਜੋ ਕਣਕ, ਚਰੀ, ਕਮਾਦ, ਕਪਾਹ ਆਦਿ ਸਬਜ਼ੀਆਂ ਸਮੇਤ 80 ਤੋਂ ਵੱਧ ਫ਼ਸਲਾਂ ਦਾ ਨੁਕਸਾਨ ਕਰ ਸਕਦਾ ਹੈ। ਮਈ 2018 ਦੌਰਾਨ ਭਾਰਤ ਵਿੱਚ ਸਭ ਤੋਂ ਪਹਿਲਾਂ ਕਰਨਾਟਕਾ ਵਿੱਚ ਮੱਕੀ ਦੀ ਫ਼ਸਲ 'ਤੇ ਦੇਖਿਆ ਗਿਆ ਜੋ ਮਾਰਚ 2019 ਤੱਕ 10 ਰਾਜਾਂ ਤੱਕ ਫੈਲ ਚੁੱਕਾ ਸੀ। ਪੰਜਾਬ ਵਿੱਚ ਸਾਲ 2020 ਦੌਰਾਨ ਮੱਕੀ ਦੀ ਫ਼ਸਲ ਉੱਪਰ ਦੇਖਿਆ ਗਿਆ ਸੀ, ਇਹ ਕੀੜਾ ਬਹੁਤ ਤੇਜ਼ੀ ਨਾਲ ਫੈਲਦਾ ਹੈ, ਜਿਸ ਕਾਰਨ ਇਸ ਕੀੜੇ ਦੀ ਰੋਕਥਾਮ ਸਮੇਂ ਸਿਰ ਕਰਨੀ ਬਹੁਤ ਜ਼ਰੂਰੀ ਹੈ। ਇਸ ਕੀੜੇ ਦਾ ਪਤੰਗਾ ਇੱਕ ਰਾਤ ਵਿੱਚ 100 ਕਿਲੋਮੀਟਰ ਤੱਕ ਉੱਡ ਕੇ ਜਾ ਸਕਦਾ ਹੈ। ਮੌਸਮੀ ਤਬਦੀਲੀਆਂ ਕਾਰਨ ਮੱਕੀ ਦੀ ਫ਼ਸਲ ਉੱਪਰ ਪਿਛਲੇ ਦੋ ਸਾਲਾਂ ਤੋਂ ਦੱਖਣੀ ਭਾਰਤ ਵਿੱਚ ਫਾਲ ਆਰਮੀਵਰਮ ਨਾਮ ਦੇ ਕੀੜੇ ਨੇ ਮੱਕੀ ਦੀ ਫ਼ਸਲ ਦਾ ਬਹੁਤ ਨੁਕਸਾਨ ਕੀਤਾ ਹੈ ਤੇ ਪੰਜਾਬ ਵਿੱਚ ਵੀ ਪਿਛਲੇ ਸਾਲ ਮੱਕੀ ਦੀ ਫ਼ਸਲ ਉੱਪਰ ਇਹ ਕੀੜਾ ਦੇਖਣ ਨੂੰ ਮਿਲਿਆ ਸੀ, ਜਿਸ ਤੋਂ ਸੁਚੇਤ ਰਹਿਣ ਦੀ ਜ਼ਰੂਰਤ ਹੈ। ਫਾਲ ਆਰਮੀ ਵਰਮ ਆਮ ਤੌਰ 'ਤੇ ਮੱਕੀ ਦੀ ਫ਼ਸਲ ਉੱਪਰ ਬਿਜਾਈ ਤੋਂ 10-45 ਦਿਨਾਂ ਦੇ ਦਰਮਿਆਨ ਜ਼ਿਆਦਾ ਨੁਕਸਾਨ ਕਰਦਾ ਹੈ। ਜੇਕਰ ਸਮੇਂ ਸਿਰ ਇਸ ਕੀੜੇ ਦੀ ਰੋਕਥਾਮ ਨਾ ਕੀਤੀ ਜਾਵੇ ਤਾਂ ਇਹ ਕੀੜਾ ਮੱਕੀ ਦੀ ਫ਼ਸਲ ਦਾ ਬਹੁਤ ਨੁਕਸਾਨ ਕਰ ਦਿੰਦਾ ਹੈ।

## ਕੀੜੇ ਤੋਂ ਬਚਾਅ

ਇਸ ਕੀੜੇ ਦੇ ਹਮਲੇ ਤੋਂ ਮੱਕੀ ਦੀ ਫ਼ਸਲ ਨੂੰ ਬਚਾਉਣ ਲਈ ਮੱਕੀ ਦੀ ਫ਼ਸਲ ਦਾ ਨਿਰੰਤਰ ਨਿਰੀਖਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਜੇਕਰ ਇਸ ਕੀੜੇ ਦਾ ਹਮਲਾ ਮੱਕੀ ਦੀ ਫ਼ਸਲ ਉੱਪਰ ਦਿਖਾਈ ਦੇਵੇ ਤਾਂ ਇਸ ਦੇ ਅਗਾਂਹ ਫੈਲਾਅ ਨੂੰ ਰੋਕਣ ਲਈ ਤੁਰੰਤ 0.4 ਮਿਲੀਲਿਟਰ ਕਲੋਰੈਂਟਰਾਨਿਲੀਪ੍ਰੋਲ 18.5 ਈਸੀ. ਜਾਂ 0.5 ਮਿਲੀਲਿਟਰ ਸਪਾਇਨਿਟੋਰਮ 11.7 ਐਸ ਸੀ ਜਾਂ 0.4 ਮਿਲੀਲਿਟਰ ਐਮਾਮੈਕਟਿਨ ਬੈਂਜੋਏਟ ਪ੍ਰਤੀ ਲਿਟਰ 120 ਤੋਂ 200 ਲਿਟਰ ਪਾਣੀ ਦੇ ਘੋਲ ਵਿੱਚ ਛਿੜਕਾਅ ਕਰੋ। 20 ਦਿਨਾਂ ਦੀ ਫ਼ਸਲ ਉੱਪਰ 120 ਲਿਟਰ ਪਾਣੀ ਅਤੇ ਇਸ ਤੋਂ ਬਾਅਦ ਫ਼ਸਲ ਦੇ ਵਾਧੇ ਅਨੁਸਾਰ 200 ਲਿਟਰ ਪਾਣੀ ਪ੍ਰਤੀ ਏਕੜ ਵਰਤੋਂ। ਛਿੜਕਾਅ ਕਰਦੇ ਸਮੇਂ ਪੰਪ ਦੀ ਗੋਲ ਨੋਜ਼ਲ ਮੱਕੀ ਦੀ ਗੋਭ ਵੱਲ ਹੋਣੀ ਚਾਹੀਦੀ ਹੈ। ਜੇਕਰ ਚਾਰੇ ਵਾਲੀ ਫ਼ਸਲ ਉੱਪਰ ਇਸ ਕੀੜੇ ਦਾ ਹਮਲਾ ਹੋਇਆ ਹੈ ਤਾਂ 0.4 ਮਿਲੀਲਿਟਰ ਕਲੋਰੈਂਟਰਾਨਿਲੀਪ੍ਰੋਲ 18.5 ਈ.ਸੀ. ਪ੍ਰਤੀ ਏਕੜ ਦਾ ਛਿੜਕਾਅ ਕਰ ਦੇਣਾ ਚਾਹੀਦਾ ਹੈ। ਜੇਕਰ ਇਸ ਕੀੜੇ ਦਾ ਹਮਲਾ ਢੇਰੀਆਂ ਵਿੱਚ ਜਾਂ ਫ਼ਸਲ ਵੱਡੀ ਹੋਵੇ ਤਾਂ 4 ਗ੍ਰਾਮ ਕਲੋਰੈਂਟਰਾਨਿਲੀਪ੍ਰੋਲ ਜਾਂ 5 ਮਿਲੀਲਿਟਰ ਸਪਾਈਨੇਟਰਮ ਜਾਂ 4 ਮਿਲੀਲਿਟਰ ਐਮਾਮੈਕਟਿਨ ਬੈਂਜੋਏਟ ਨੂੰ ਇੱਕ ਕਿਲੋ ਮਿੱਟੀ ਵਿੱਚ ਮਿਲਾ ਕੇ ਅੱਧਾ ਗ੍ਰਾਮ ਮਿਸ਼ਰਣ ਪ੍ਰਤੀ ਗੋਭ ਵਿੱਚ ਪਾ ਕੇ ਰੋਕਥਾਮ ਕੀਤੀ ਜਾ ਸਕਦੀ ਹੈ। ਛਿੜਕਾਅ ਵਾਲੀ ਫ਼ਸਲ ਨੂੰ 21 ਦਿਨਾਂ ਤੱਕ ਪਸ਼ੂਆਂ ਦੇ ਚਾਰੇ ਲਈ ਨਹੀਂ ਵਰਤਣੀ ਚਾਹੀਦੀ। ਇਸ ਦੇ ਨਾਲ ਹੀ ਸੰਯੁਕਤ ਕੀਟ ਪ੍ਰਬੰਧ ਤਕਨੀਕ ਅਪਨਾ ਕੇ ਇਸ ਕੀਟ ਨੂੰ ਕਾਬੂ ਕੀਤਾ ਜਾ ਸਕਦਾ ਹੈ। ਇਸ ਕੀੜੇ ਦੀ ਰੋਕਥਾਮ ਹਮਲੇ ਦੇ ਸ਼ੁਰੂਆਤੀ ਦੌਰ ਵਿੱਚ ਵਧੇਰੇ ਪ੍ਰਭਾਵਸ਼ਾਲੀ ਤਰੀਕੇ ਨਾਲ ਕੀਤਾ ਜਾ ਸਕਦਾ ਕਿਉਂਕਿ ਜਵਾਨ ਸੁੰਡੀ ਬੂਟੇ ਦੇ ਗੋਭ ਵਿੱਚ ਹੇਠਾਂ ਚਲੀ ਜਾਂਦੀ ਹੈ, ਜਿੱਥੇ ਸੁੰਡੀ ਕੀਟਨਾਸ਼ਕ ਦੇ ਪ੍ਰਭਾਵ ਤੋਂ ਬਚੀ ਰਹਿੰਦੀ ਹੈ। ਇਸ ਲਈ ਮੱਕੀ ਦੇ ਫ਼ੌਜੀ ਕੀੜੇ ਦੀ ਰੋਕਥਾਮ ਹਮਲੇ ਦੇ ਸ਼ੁਰੂਆਤ ਦੌਰ ਵਿੱਚ ਹੀ ਕਰੋ। ਇਸ ਸੁੰਡੀ ਦੇ ਆਂਡਿਆਂ ਦੇ ਝੁੰਡਾਂ ਨੂੰ ਨਸ਼ਟ ਕਰਕੇ ਫਾਲ ਆਰਮੀ ਵਰਮ ਦੀ ਸੰਖਿਆ ਸੀਮਤ ਕੀਤੀ ਜਾ ਸਕਦੀ ਹੈ। ਇਹ ਆਂਡਿਆਂ ਦੇ ਝੁੰਡ ਪੱਤਿਆਂ ਦੇ ਪਿਛਲੇ ਪਾਸੇ ਹੁੰਦੇ ਹਨ ਜੋ ਹਲਕੇ ਭੂਰੇ ਵਾਲਾਂ ਨਾਲ ਢੱਕੇ ਹੁੰਦੇ ਹਨ। ਕੀਟਨਾਸ਼ਕ ਦਾ ਛਿੜਕਾਅ ਸਵੇਰੇ



ਜਾਂ ਸ਼ਾਮ ਨੂੰ ਕਰਨਾ ਚਾਹੀਦਾ ਹੈ। ਮੱਕੀ ਦੀ ਫ਼ਸਲ ਉੱਪਰ ਫਾਲ ਆਰਮੀ ਵਰਮ ਦਾ ਹਮਲਾ ਹੋਣ ਦੇ ਸ਼ੁਰੂਆਤੀ ਦੌਰ ਸਮੇਂ ਪ੍ਰਭਾਵਤ ਬੂਟਿਆਂ ਦੀ ਗੋਭ ਵਿੱਚ ਅੱਧਾ ਚਮਚ ਬਰੀਕ ਰੇਤ ਪ੍ਰਤੀ ਬੂਟਾ ਪਾ ਦੇਣੀ ਚਾਹੀਦੀ ਹੈ। ਇਸ ਤਰ੍ਹਾਂ ਸੁੰਡੀ ਦੇ ਰੇਤ ਦੇ ਸੰਪਰਕ ਵਿੱਚ ਆਉਣ ਨਾਲ ਜ਼ਖ਼ਮੀ ਹੋਣ ਕਾਰਨ ਸੁੰਡੀ ਮਰ ਜਾਂਦੀ ਹੈ।

ਸੋ ਉਪਰੋਕਤ ਤਕਨੀਕਾਂ ਅਪਣਾ ਕੇ ਫਾਲ ਆਰਮੀ ਵਰਮ (ਮੱਕੀ ਦਾ ਫ਼ੌਜੀ ਕੀੜਾ) ਦੀ ਰੋਕਥਾਮ ਕਰ ਸਕਦੇ ਹਾਂ। ਵਧੇਰੇ ਜਾਣਕਾਰੀ ਬਲਾਕ ਤੇ ਜ਼ਿਲ੍ਹਾ ਪੱਧਰ 'ਤੇ ਤਾਇਨਾਤ ਖੇਤੀ ਮਾਹਿਰਾਂ ਨਾਲ ਸੰਪਰਕ ਕਰਨਾ ਚਾਹੀਦਾ। ਇਸ ਤੋਂ ਇਲਾਵਾ ਖੇਤੀ ਮਾਹਿਰਾਂ ਨਾਲ ਸੰਪਰਕ ਕੀਤਾ ਜਾ ਸਕਦਾ ਹੈ।

### ਕਿਵੇਂ ਕਰੀਏ ਕੀੜੇ ਦੀ ਪਛਾਣ !

ਫਾਲ ਆਰਮੀ ਵਰਮ ਕੀੜੇ ਦੀ ਸੁੰਡੀ ਦੀ ਪਛਾਣ ਪਿਛਲੇ ਸਿਰੇ ਵੱਲ ਚਾਰ ਵਰਗ ਬਣਾਉਂਦੇ ਬਿੰਦੂਆਂ ਅਤੇ ਸਿਰ ਉੱਪਰ ਚਿੱਟੇ ਰੰਗ ਦੇ ਅੰਗ੍ਰੇਜ਼ੀ ਦੇ ਵਾਈ ਅੱਖਰ ਦੇ ਉਲਟੇ ਨਿਸ਼ਾਨ ਤੋਂ ਹੁੰਦੀ ਹੈ। ਹਮਲੇ ਦੇ ਸ਼ੁਰੂਆਤੀ ਦੌਰ ਵਿੱਚ ਛੋਟੀਆਂ ਸੁੰਡੀਆਂ ਪੱਤੇ ਦੀ ਸਤਹ ਨੂੰ ਖੁਰਚ ਕੇ ਖਾਂਦੀਆਂ ਹਨ ਜਿਸ ਕਾਰਨ ਪੱਤਿਆਂ ਉੱਪਰ ਲੰਮੇ ਆਕਾਰ ਦੇ ਕਾਗਜ਼ੀ ਨਿਸ਼ਾਨ ਬਣ ਜਾਂਦੇ ਹਨ।



ਵੱਡੀਆਂ ਸੁੰਡੀਆਂ ਪੱਤਿਆਂ ਉੱਪਰ ਬੇਤਰਤੀਬੇ, ਗੋਲ ਜਾਂ ਅੰਡਾਕਾਰ ਮੋਰੀਆਂ ਬਣਾ ਦਿੰਦੀਆਂ ਹਨ ਅਤੇ ਹਮਲੇ ਵਾਲੀ ਗੋਭ ਵਿੱਚ ਕਾਫ਼ੀ ਮਾਤਰਾ ਵਿੱਚ ਕਾਲੀਆਂ ਵਿੱਠਾਂ ਵੇਖਣ ਨੂੰ ਮਿਲਦੀਆਂ ਹਨ। 14 ਦਿਨ ਦੇ ਜੀਵਨ ਕਾਲ ਬਾਅਦ ਇਹ ਸੁੰਡੀ ਜ਼ਮੀਨ ਉੱਪਰ ਡਿੱਗ ਪੈਂਦੀ ਹੈ ਅਤੇ ਪਿਊਪਲ ਅਵਸਥਾ ਵਿੱਚ ਚਲੀ ਜਾਂਦੀ ਹੈ। ਇਹ ਸੁੰਡੀ ਛੱਲੀਆਂ ਦੇ ਦਾਣਿਆਂ ਦਾ ਵੀ ਨੁਕਸਾਨ ਕਰ ਦਿੰਦੀ ਹੈ ਜਿਸ ਨਾਲ ਦਾਣਿਆਂ ਦੇ ਮਿਆਰੀਪਣ 'ਤੇ ਬਹੁਤ ਬੁਰਾ ਪ੍ਰਭਾਵ ਪੈਂਦਾ ਹੈ।

### 14-22 ਦਿਨਾਂ ਦਾ ਜੀਵਨ ਕਾਲ

ਇਸ ਕੀੜੇ ਦੀ ਇੱਕ ਮਾਦਾ ਆਪਣੇ ਜੀਵਨ ਕਾਲ ਵਿੱਚ 1500 ਤੱਕ ਕਰੀਮੀ ਜਾਂ ਚਿੱਟੇ ਰੰਗ ਦੇ ਆਂਡੇ ਮੱਕੀ ਦੇ ਬੂਟੇ ਦੇ ਪੱਤਿਆਂ ਦੇ ਅੰਦਰਲੇ ਪਾਸੇ ਦਿੰਦੀ ਹੈ ਜੋ ਚਿੱਟੇ ਵਾਲਾਂ ਨਾਲ ਢੱਕੇ ਹੁੰਦੇ ਹਨ। ਆਂਡਿਆਂ ਵਿੱਚੋਂ 3-5 ਦਿਨਾਂ ਦਰਮਿਆਨ ਛੋਟੀਆਂ ਸੁੰਡੀਆਂ ਨਿਕਲ ਆਉਂਦੀਆਂ ਹਨ ਜੋ ਹਰੇ ਰੰਗ ਦੀਆਂ ਹੁੰਦੀਆਂ ਹਨ। ਵੱਡੀਆਂ ਸੁੰਡੀਆਂ ਦਾ ਰੰਗ ਸੰਤਰੀ ਤੋਂ ਹਰਾ ਤੇ ਕਾਲਾ ਜਾਂ ਭੂਰਾ ਹੋ ਸਕਦਾ ਹੈ। ਇਸ ਕੀੜੇ ਦੀ ਸੁੰਡੀ ਆਪਣਾ ਜੀਵਨ ਕਾਲ 14-22 ਦਿਨਾਂ ਵਿੱਚ ਮੌਸਮੀ ਹਾਲਾਤ ਮੁਤਾਬਿਕ ਪੂਰਾ ਕਰ ਲੈਂਦੀ ਹੈ। ਇਸ ਤੋਂ ਬਾਅਦ 2.8 ਸੈਂਟੀਮੀਟਰ ਦੀ ਡੂੰਘਾਈ ਤੱਕ ਮਿੱਟੀ ਵਿੱਚ ਗਰਮੀਆਂ ਵਿੱਚ 8-9 ਤੇ ਠੰਢ ਵਿੱਚ 20-30 ਦਿਨਾਂ ਤੱਕ ਭੂਰੇ ਰੰਗ ਦੇ ਪਿਊਪੇ ਦੇ ਰੂਪ ਵਿੱਚ ਰਹਿੰਦੀ ਹੈ।

### ਪੰਛੀ ਕਰਦੇ ਨੇ ਕੀੜਿਆਂ ਤੋਂ ਬਚਾਅ



ਪੰਛੀ ਜਿਵੇਂ ਛੈਰਕਾਂ, ਗਟਾਰਾਂ ਆਦਿ ਹਾਨੀਕਾਰਕ ਕੀੜਿਆਂ ਦੀ ਗਿਣਤੀ ਸੀਮਤ ਕਰਨ ਵਿੱਚ ਬਹੁਤ ਵੱਡੀ ਭੂਮਿਕਾ ਨਿਭਾਉਂਦੇ ਹਨ। ਇਸ ਲਈ ਮੱਕੀ ਦੀ ਫ਼ਸਲ ਵਿੱਚ ਪ੍ਰਤੀ ਏਕੜ 12-15 ਬਰਡ ਪਰਚਰ (ਪੰਛੀਆਂ ਦੇ ਬੈਠਣ ਲਈ ਸਥਾਨ) ਲਗਾ ਦੇਣੇ ਚਾਹੀਦੇ ਹਨ, ਜਿਸ 'ਤੇ ਬੈਠ ਕੇ ਪੰਛੀ ਸੁੰਡੀਆਂ ਖਾ ਲੈਂਦੇ ਹਨ। ਜਿਸ ਨਾਲ ਫਾਲ ਆਰਮੀ ਵਰਮ ਦੀਆਂ ਸੁੰਡੀਆਂ ਦੀ ਗਿਣਤੀ ਘਟਾਉਣ ਵਿੱਚ ਮਦਦ ਮਿਲਦੀ ਹੈ।



ਮੀਂਹਾਂ ਦੇ ਮੌਸਮ ਵਿੱਚ

# ਬਾਗਾਂ ਦੀ ਸਾਂਭ-ਸੰਭਾਲ

ਸਵਰੀਤ ਖਹਿਰਾ ਤੇ ਰਚਨਾ ਅਰੋੜਾ, ਪੀ. ਏ. ਯੂ. ਫ਼ਲ ਵਿਗਿਆਨ ਵਿਭਾਗ ਦੇ ਫ਼ਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ

ਅੱਜਕਲ੍ਹ ਮੀਂਹਾਂ ਦਾ ਮੌਸਮ ਹੈ ਅਤੇ ਇਸ ਵਾਰ ਮੀਂਹ ਪਹਿਲਾਂ ਨਾਲੋਂ ਜ਼ਿਆਦਾ ਪੈ ਰਹੇ ਹਨ। ਵੈਸੇ ਤਾਂ ਮੀਂਹ ਖੇਤੀਬਾੜੀ ਲਈ ਕੁਦਰਤ ਦਾ ਤੋਹਫ਼ਾ ਹਨ, ਪਰ ਜਦੋਂ ਇਹ ਕਦੇ ਇਹ ਮੀਂਹ ਬਹੁਤ ਜ਼ਿਆਦਾ ਪੈਂਦੇ ਹਨ ਤਾਂ ਇਹ ਖੇਤੀਬਾੜੀ ਦੇ ਨਾਲ-ਬਾਗਬਾਨੀ ਲਈ ਵੀ ਨੁਕਸਾਨਦਾਇਕ ਬਣ ਸਕਦੇ ਹਨ। ਇਸ ਲਈ ਮੀਂਹਾਂ ਦੇ ਮੌਸਮ ਵਿੱਚ ਖੇਤੀ ਤੇ ਬਾਗਬਾਨੀ ਵੱਲ ਖ਼ਾਸ ਧਿਆਨ ਦੇਣ ਦੀ ਲੋੜ ਹੁੰਦੀ ਹੈ। ਅੱਜ ਅਸੀਂ ਮੀਂਹਾਂ ਦੇ ਪਾਣੀ ਤੋਂ ਬਾਗਾਂ ਨੂੰ ਬਚਾਉਣ ਤੇ ਉਨ੍ਹਾਂ ਦੀ ਸਾਂਭ-ਸੰਭਾਲ ਬਾਰੇ ਗੱਲਬਾਤ ਕਰਾਂਗੇ।

ਬਾਗਾਂ ਵਿੱਚ ਬਹੁਤੀ ਦੇਰ ਇਕੱਠਾ ਹੋਇਆ ਪਾਣੀ ਖਰਾਬੀ ਕਰ ਸਕਦਾ ਹੈ। ਸੋ, ਵਾਧੂ ਪਾਣੀ ਨੂੰ ਬਾਹਰ ਕੱਢਣ ਦਾ ਢੁਕਵਾਂ ਪ੍ਰਬੰਧ ਕਰਨਾ ਚਾਹੀਦਾ ਹੈ। ਜ਼ਿਆਦਾ ਪਾਣੀ ਖੜ੍ਹਨ ਕਾਰਨ ਫ਼ਲਦਾਰ ਬੂਟਿਆਂ ਖ਼ਾਸ ਕਰਕੇ ਪਪੀਤਾ,



ਨਾਸ਼ਪਤੀ ਅਤੇ ਆੜੂ ਦੀਆਂ ਜੜ੍ਹਾਂ ਦੇ ਗਲਣ ਦੀ ਸ਼ਿਕਾਇਤ ਹੋ ਸਕਦੀ ਹੈ। ਪਪੀਤੇ ਵਰਗੇ ਸੰਵੇਦਨਸ਼ੀਲ ਫ਼ਲਦਾਰ ਬੂਟਿਆਂ 'ਤੇ ਖੜ੍ਹੇ ਪਾਣੀ ਦਾ ਅਸਰ ਜ਼ਿਆਦਾ ਹੁੰਦਾ ਹੈ ਅਤੇ ਇੱਕ-ਦੋ ਦਿਨਾਂ ਵਿੱਚ ਹੀ ਬੂਟੇ ਮਰ ਜਾਂਦੇ ਹਨ। ਇਸ ਕਰਕੇ ਪਪੀਤੇ ਦੀ ਸਫ਼ਲ ਕਾਸ਼ਤ ਲਈ ਪਪੀਤੇ ਚੰਗੇ ਨਿਕਾਸ ਵਾਲੀਆਂ ਜ਼ਮੀਨਾਂ 'ਤੇ ਹੀ ਲਾਉਣੇ ਚਾਹੀਦੇ ਹਨ। ਨਵੇਂ ਬੂਟਿਆਂ ਦਾ ਧਿਆਨ ਰੱਖੋ ਅਤੇ ਮੁੱਢੋਂ ਫੁੱਟਣ ਵਾਲੀਆਂ ਸ਼ਾਖਾਵਾਂ ਅਤੇ ਸ਼ੱਕਰ ਆਦਿ ਲਗਾਤਾਰ ਕੱਟਦੇ ਰਹੋ। ਨਵੇਂ ਲਾਏ ਬੂਟਿਆਂ ਨੂੰ ਸਿੱਧਾ ਖੜ੍ਹਾ ਰੱਖਣ ਲਈ ਸਹਾਰੇ ਦੀ ਲੋੜ ਹੁੰਦੀ ਹੈ। ਬੂਟਿਆਂ ਨੂੰ ਚੰਗੀ ਤਰ੍ਹਾਂ ਸਹਾਰਾ ਦਿਓ, ਤਾਂ ਜੋ ਉਹ ਡਿਗ ਨਾ ਸਕਣ। ਮੀਂਹਾਂ ਦੇ ਮੌਸਮ ਵਿੱਚ ਬੂਟਿਆਂ ਨੂੰ ਸਹਾਰਾ ਦੇਣ ਲਈ ਮਜ਼ਬੂਤ ਸੋਟੀ ਦਾ ਇਸਤੇਮਾਲ ਕਰੋ ਅਤੇ ਸੋਟੀ ਨੂੰ ਬੂਟੇ ਦੇ ਨੇੜੇ ਚੰਗੀ ਤਰ੍ਹਾਂ ਜ਼ਮੀਨ ਵਿੱਚ ਗੱਡ ਦਿਓ ਅਤੇ ਬੂਟਿਆਂ ਨੂੰ ਰੱਸੀ ਨਾਲ ਬਣ ਦਿਓ। ਨੰਗੀਆਂ ਜੜ੍ਹਾਂ ਨੂੰ ਮਿੱਟੀ ਜਾਂ ਪਰਾਲੀ ਨਾਲ ਢੱਕ ਦਿਓ।

## ਕੁਝ ਅਹਿਮ ਨੁਕਤੇ

ਬਾਗਬਾਨ ਹੇਠ ਲਿਖੀਆਂ ਗੱਲਾਂ 'ਤੇ ਅਮਲ ਕਰਕੇ ਫ਼ਲਦਾਰ ਬੂਟਿਆਂ ਨੂੰ ਨੁਕਸਾਨ ਹੋਣ ਤੋਂ ਬਚਾਅ ਸਕਦੇ ਹਨ :-

★ ਬਾਗਾਂ ਵਿੱਚ ਬਹੁਤ ਦੇਰ ਖੜ੍ਹਾ ਪਾਣੀ ਖਰਾਬੀ ਕਰ ਸਕਦਾ ਹੈ। ਸੋ, ਵਾਧੂ ਪਾਣੀ ਕੱਢਣ ਦਾ ਢੁਕਵਾਂ ਪ੍ਰਬੰਧ ਕਰੋ। ਬਾਗ ਵਿੱਚ ਬਰਸਾਤੀ ਪਾਣੀ ਲਈ ਵਧੀਆ ਨਿਕਾਸ ਕਰਨੇ ਚਾਹੀਦੇ ਹਨ। ਇਸ ਵਾਸਤੇ ਬਰਸਾਤੀ ਮੌਸਮ ਤੋਂ ਪਹਿਲਾਂ ਹੀ ਪਾਣੀ ਦੇ ਨਿਕਾਸ ਲਈ ਖਾਲੀਆਂ ਬਣਾ ਦਿਓ। ਬਾਗ ਲਈ ਜ਼ਮੀਨ ਨੂੰ ਪੱਧਰ ਕਰਦੇ ਸਮੇਂ ਹਲਕੀ ਜਿਹੀ ਢਲਾਣ ਰੱਖ ਲੈਣੀ ਚਾਹੀਦੀ ਹੈ, ਤਾਂ ਕਿ ਭਾਰੀ ਮੀਂਹਾਂ ਦੇ ਵਾਧੂ ਪਾਣੀ ਦਾ ਨਿਕਾਸ ਕੀਤਾ ਜਾ ਸਕੇ।

★ ਜ਼ਿਆਦਾ ਪਾਣੀ ਖੜ੍ਹਨ ਕਾਰਨ ਬੂਟਿਆਂ ਦੀਆਂ ਜੜ੍ਹਾਂ ਗਲਣ ਦੀ ਸ਼ਿਕਾਇਤ ਹੋ ਸਕਦੀ ਹੈ, ਇਸ ਲਈ ਇਨ੍ਹਾਂ ਬੂਟਿਆਂ ਦੁਆਲਿਓਂ ਜਿੰਨੀ ਛੇਤੀ ਹੋ ਸਕੇ, ਪਾਣੀ ਕੱਢ ਦਿਓ ਅਤੇ ਵੱਤਰ ਆਉਣ 'ਤੇ ਹਲਕੀ ਗੋਡੀ ਕਰੋ।

★ ਖਾਲੀ ਜ਼ਮੀਨ 'ਤੇ ਅੰਤਰ ਫ਼ਸਲਾਂ ਦੀ ਕਾਸ਼ਤ ਅਤੇ ਹਰੀ ਖਾਦ ਲਈ ਸਾਉਣੀ ਦੀਆਂ ਫ਼ਲੀਦਾਰ ਫ਼ਸਲਾਂ ਜਿਵੇਂ ਕਿ ਮੂੰਗੀ, ਮਾਂਹ, ਜੰਤਰ ਆਦਿ ਬੀਜ ਦਿਓ। ਬਾਗਾਂ ਵਿੱਚ ਪਹਿਲਾਂ ਦੀਆਂ ਲੱਗੀਆਂ ਅੰਤਰ ਫ਼ਸਲਾਂ ਨੂੰ ਬਰਸਾਤੀ ਮੌਸਮ ਵਿੱਚ ਵਾਹ ਦਿਓ।

★ ਨਦੀਨਾਂ ਦੀ ਰੋਕਥਾਮ ਲਈ ਅਤੇ ਕੀੜੇ-ਮਕੌੜਿਆਂ ਨੂੰ ਖ਼ਤਮ ਕਰਨ ਲਈ ਵੀ ਬਾਗ ਦੀ ਵਾਹੀ ਬਹੁਤ ਹੀ ਮਹੱਤਵਪੂਰਨ ਸਾਬਿਤ ਹੁੰਦੀ ਹੈ। ਵਾਹੀ ਕਰਨ ਨਾਲ ਮਿੱਟੀ ਵਿੱਚ ਹਵਾ ਦਾ ਦੌਰ ਵੱਧ ਜਾਂਦਾ ਹੈ ਅਤੇ ਬੂਟੇ ਚੰਗੇ ਵਧਦੇ-ਫੁੱਲਦੇ ਹਨ। ਇਸ ਲਈ ਬਾਗ ਨੂੰ ਵਾਹ ਕੇ ਵੱਤਰ ਅਵਸਥਾ ਵਿੱਚ ਲਿਆਂਦਾ ਜਾਵੇ।

★ ਬੂਟੇ ਦੀ ਸਹੀ ਸਮੇਂ 'ਤੇ ਕਾਂਟ-ਛਾਂਟ ਬਹੁਤ ਜ਼ਰੂਰੀ ਹੈ, ਤਾਂ ਜੋ ਬੂਟੇ ਨੂੰ ਯੋਗ ਮਾਤਰਾ ਵਿੱਚ ਹਵਾ ਅਤੇ ਧੁੱਪ ਪ੍ਰਾਪਤ ਹੋ ਸਕੇ। ਕਾਂਟ-ਛਾਂਟ ਵਿੱਚ ਟੇਡੀਆਂ-ਮੇਡੀਆਂ, ਰੋਗੀ ਤੇ ਟੁੱਟੀਆਂ ਹੋਈਆਂ ਅਯੋਗ ਟਾਹਣੀਆਂ ਨੂੰ ਕੱਟ ਕੇ ਬੂਟੇ ਨੂੰ ਤੰਦਰੁਸਤ ਕੀਤਾ ਜਾਂਦਾ ਹੈ, ਤਾਂ ਜੋ ਪੈਦਾਵਾਰ ਵਧਾਈ ਜਾ ਸਕੇ ਅਤੇ ਨਿਰੰਤਰ ਗੁਣਾਤਮਿਕ ਫ਼ਲ ਪ੍ਰਾਪਤ ਕੀਤੇ ਜਾ ਸਕਣ। ਸੁੱਕੀਆਂ ਟਾਹਣੀਆਂ ਨੂੰ ਅੱਗੋਂ ਕਾਂਟ-ਛਾਂਟ ਕਰਕੇ 2-3 ਸੈਂਟੀਮੀਟਰ ਵੱਡੇ ਕੱਟਾਂ ਨੂੰ ਬੋਰਡੋ ਪੇਸਟ ਨਾਲ ਲੇਪ ਕਰੋ। ਮੁੱਢੋਂ ਫੁੱਟਣ ਵਾਲੀਆਂ ਸ਼ਾਖਾਵਾਂ ਲਗਾਤਾਰ ਕੱਟਦੇ ਰਹੋ।

★ ਬੂਟਿਆਂ ਨੂੰ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਤੋਂ ਬਚਾਉਣ ਲਈ ਸਿਫ਼ਾਰਸ਼ ਕੀਤੇ ਉੱਲੀਨਾਸ਼ਕਾਂ ਅਤੇ ਕੀਟਨਾਸ਼ਕਾਂ ਦਾ ਛਿੜਕਾਅ ਕਰੋ। ਇਸ ਤੋਂ ਇਲਾਵਾ ਬੂਟਿਆਂ ਨੂੰ ਬੋਰਡੋ ਮਿਸ਼ਰਣ 2:2:250 ਦਾ ਛਿੜਕਾਅ ਕਰੋ।



ਸਾਉਣੀ ਰੁੱਤ ਦੀ

# ਮੱਕੀ ਨੂੰ ਬਿਮਾਰੀਆਂ ਤੋਂ ਬਚਾਉਣਾ ਜ਼ਰੂਰੀ

ਹਰਲੀਨ ਕੌਰ ਅਤੇ ਅਮਰਜੀਤ ਸਿੰਘ, ਪੌਦਾ ਰੋਗ ਵਿਭਾਗ, ਪੀ. ਏ. ਯੂ., ਲੁਧਿਆਣਾ (ਮੋ. 950 10-80050)

ਕਿਸਾਨ ਵੀਰੋ, ਮੱਕੀ ਦੀ ਫਸਲ ਖੜ੍ਹੇ ਪਾਣੀ ਨੂੰ ਬੜੀ ਸੰਵੇਦਨਸ਼ੀਲ ਹੁੰਦੀ ਹੈ। ਬਰਸਾਤਾਂ ਦੌਰਾਨ ਮੀਂਹ ਪੈਣ ਕਰਕੇ ਮੱਕੀ ਦੇ ਖੇਤਾਂ ਵਿੱਚ ਪਾਣੀ ਖੜ੍ਹ ਸਕਦਾ ਹੈ। ਇਸ ਲਈ ਆਪਣੀ ਫ਼ਸਲ ਦਾ ਲਗਾਤਾਰ ਨਿਰੀਖਣ ਕਰਦੇ ਰਹੋ ਅਤੇ ਮੱਕੀ ਦੇ ਖੇਤਾਂ ਵਿੱਚੋਂ ਪਾਣੀ ਦੇ ਨਿਕਾਸ ਦਾ ਸੁਚੱਜਾ ਪ੍ਰਬੰਧ ਕਰੋ। ਇਸ ਤੋਂ ਇਲਾਵਾ ਇਨੀ ਦਿਨੀ ਮੌਸਮ ਟਾਂਡੇ ਗਲ੍ਹਣ ਦੇ ਰੋਗ ਅਤੇ ਪੱਤਿਆਂ ਅਤੇ ਟਾਂਡੇ ਦੇ ਝੁਲਸ ਰੋਗ ਦੇ ਹਮਲੇ ਲਈ ਅਨੁਕੂਲ ਚੱਲ ਰਿਹਾ ਹੈ। ਇਸ ਲਈ ਕਿਸਾਨ ਵੀਰਾਂ ਨੂੰ ਸੁਝਾਅ ਦਿੱਤਾ ਜਾਂਦਾ ਹੈ ਕਿ ਉਹ ਸ਼ੁਰੂ ਤੋਂ ਹੀ ਆਪਣੇ ਖੇਤਾਂ ਦਾ ਸਰਵੇਖਣ ਕਰਦੇ ਰਹਿਣ। ਜੇਕਰ ਤੁਹਾਨੂੰ ਮੱਕੀ ਦੇ ਖੇਤਾਂ ਵਿੱਚ ਇਨ੍ਹਾਂ ਰੋਗਾਂ ਦਾ ਹਮਲਾ ਨਜ਼ਰ ਆਵੇ ਤਾਂ ਤੁਰੰਤ ਹੀ ਇਨ੍ਹਾਂ ਦੀ ਸੁਚੱਜੀ ਰੋਕਥਾਮ ਕਰੋ।

**ਟਾਂਡੇ ਗਲ੍ਹਣ ਦਾ ਰੋਗ :** ਇਹ ਰੋਗ ਇੱਕ ਬੈਕਟੀਰੀਆ (ਜੀਵਾਣੂ) ਕਰਕੇ ਹੁੰਦਾ ਹੈ, ਜਿਸਦਾ ਹਮਲਾ ਗਰਮੀ ਅਤੇ ਨਮੀਂ ਵਾਲੇ ਇਲਾਕਿਆਂ ਵਿੱਚ ਜ਼ਿਆਦਾ ਹੁੰਦਾ ਹੈ। ਇਸ ਰੋਗ ਦੇ ਹਮਲੇ ਨਾਲ ਤਣੇ ਦੇ ਹੇਠਲੇ ਹਿੱਸੇ ਤੇ ਪਾਣੀ ਭਿੱਜੇ ਨਿਸ਼ਾਨ ਪੈ ਜਾਂਦੇ ਹਨ ਜਿਸਦੇ ਨਾਲ ਇਹ ਹੌਲੀ-ਹੌਲੀ ਗਲ੍ਹਣਾ ਸ਼ੁਰੂ ਹੋ ਜਾਂਦਾ ਹੈ। ਤਣੇ ਦੇ ਬਾਹਰੀ ਭਾਗ ਦਾ ਕੁਦਰਤੀ ਹਰਾਪਣ ਖਤਮ ਹੋਣਾ ਅਤੇ ਤਣੇ ਵਿੱਚੋਂ ਬਦਬੂ ਆਉਣਾ ਇਸ ਬਿਮਾਰੀ ਦੇ ਮੁੱਖ ਲੱਛਣ ਹਨ। ਗਲਿਆ ਹੋਇਆ ਤਣਾ ਮੁੱਢ ਤੋਂ ਦੂਜੀ ਜਾਂ ਤੀਜੀ ਗੰਢ ਦੇ ਵਿਚਕਾਰੋਂ ਟੁੱਟ ਜਾਂਦਾ ਹੈ ਅਤੇ ਸੁੱਕ ਜਾਂਦਾ ਹੈ। ਜੁਲਾਈ ਅਤੇ ਅਗਸਤ ਮਹੀਨੇ ਵਿੱਚ ਵੱਧ ਮੀਂਹ ਪੈਣ ਨਾਲ ਖੇਤਾਂ ਵਿੱਚ ਪਾਣੀ ਖੜ੍ਹ ਜਾਂਦਾ ਹੈ, ਜਿਸ ਦੇ ਨਾਲ ਇਹ ਬਿਮਾਰੀ ਖੇਤ ਵਿੱਚ ਬਹੁਤ ਜਲਦੀ ਫੈਲਦੀ ਹੈ। ਇਸ ਬਿਮਾਰੀ ਤੋਂ ਬਚਣ ਲਈ ਖੇਤ ਵਿੱਚ ਪਾਣੀ ਦਾ ਨਿਕਾਸ ਅਤੇ ਬੂਟਿਆਂ ਵਿਚਕਾਰ ਫਾਸਲਾ ਠੀਕ ਰੱਖੋ। ਖੇਤ ਦਾ ਲਗਾਤਾਰ ਸਰਵੇਖਣ ਕਰਨ ਦੀ ਲੋੜ ਹੈ, ਜਦੋਂ ਵੀ ਇਹ ਬਿਮਾਰੀ 1-2 ਬੂਟਿਆਂ ਤੇ ਨਜ਼ਰ ਆਵੇ ਤਾਂ ਬੂਟਿਆਂ ਦੇ ਮੁੱਢਾਂ ਨੂੰ ਪੁੱਟ ਕੇ ਨਸ਼ਟ ਕਰ ਦਿਓ। ਮੱਕੀ ਦੀ ਬਿਜਾਈ ਵੱਟਾਂ ਦੇ ਕਰਨ ਨਾਲ ਇਸ ਬਿਮਾਰੀ ਦੇ ਆਉਣ ਦੀ ਸੰਭਾਵਨਾ ਘੱਟ ਜਾਂਦੀ ਹੈ।



**ਪੱਤਿਆਂ ਅਤੇ ਟਾਂਡੇ ਦਾ ਝੁਲਸ ਰੋਗ :** ਇਹ ਇੱਕ ਉੱਲੀ ਦਾ ਰੋਗ ਹੈ ਜਿਸ ਨਾਲ ਮੱਕੀ ਦੇ ਟਾਂਡੇ ਅਤੇ ਛੱਲੀਆਂ ਦੁਆਲੇ ਪੱਤਿਆਂ ਉੱਤੇ ਫਿੱਕੇ ਅਤੇ ਗੂੜ੍ਹੇ ਸਲੇਟੀ ਰੰਗ ਦੇ ਧੱਬੇ ਪੈ ਜਾਂਦੇ ਹਨ। ਬਾਅਦ ਵਿੱਚ ਇਹ ਧੱਬੇ ਇੱਕ ਦੂਜੇ ਨਾਲ ਮਿਲ ਕੇ ਕੌਡੀਆਂ ਵਰਗੇ ਨਜ਼ਰ ਆਉਂਦੇ ਹਨ। ਅਖੀਰ ਵਿੱਚ ਕਾਲੇ ਰੰਗ ਦੀ ਉੱਲੀ (ਸਰਲਰੋਸ਼ੀਆ) ਦੀ ਛੱਲੀਆਂ ਅਤੇ ਦਾਣਿਆਂ ਤੇ ਪੈਦਾ ਹੋ ਜਾਂਦੇ ਹਨ। ਇਹ ਉੱਲੀ ਫਸਲ ਦੀ ਕਟਾਈ ਵੇਲੇ ਮਿੱਟੀ ਵਿੱਚ ਰਲ ਜਾਂਦੇ ਹਨ ਅਤੇ ਆਉਣ ਵਾਲੇ ਸਾਲਾਂ ਵਿੱਚ ਜਦੋਂ ਮੌਸਮ ਬਿਮਾਰੀ ਦੇ ਅਨੁਕੂਲ ਹੋਵੇ ਤਾਂ ਇਹ ਫਿਰ ਲਾਗ ਲਗਾਉਣ ਦਾ ਕੰਮ ਕਰਦੇ ਹਨ। ਗੰਭੀਰ ਹਾਲਤਾਂ ਵਿੱਚ ਹਮਲੇ ਹੇਠ ਆਈਆਂ ਛੱਲੀਆਂ ਦੇ ਦਾਣੇ ਸੁੱਕ ਜਾਂਦੇ ਹਨ। ਕਿਸਾਨ ਵੀਰੋ ਇਨ੍ਹਾਂ ਦਿਨਾਂ ਵਿੱਚ ਜਿਉਂ ਹੀ ਬਿਮਾਰੀ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਇਸ ਦੀ ਰੋਕਥਾਮ ਲਈ 100 ਮਿਲੀਲਿਟਰ ਐਮੀਸਟਾਰ ਟੋਪ 325 ਐਸ ਸੀ (ਅਜ਼ੋਕਸੀਸਟ੍ਰੋਬਿਨ + ਡਾਈਫਿਨੋਕੋਨਾਜ਼ੋਲ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਲੋੜ ਪੈਣ ਤੇ ਦੂਜਾ ਛਿੜਕਾਅ 15 ਦਿਨ ਦੇ ਵਕਫੇ ਤੇ ਕਰੋ।

ਵਾਤਾਵਰਣ ਗੀਤ

# ਸੋਚੋ ਕੁੱਝ ਲੋਕੋ !



ਜਗਦੀਸ਼ ਬਹਾਦਰਪੁਰੀ, ਮੋਬਾਇਲ : 94639-85934

ਸੁੱਕ ਗਈਆਂ ਕਿੱਕਰਾਂ ਤੇ ਮੁੱਕ ਗਈਆਂ ਟਾਹਲੀਆਂ।
ਮਰਨੇ ਨੂੰ ਹੋਈਆਂ ਇੱਕ ਦੂਜੇ ਨਾਲੋਂ ਕਾਹਲੀਆਂ।
ਐਸਾ ਕਿ ਫਿਜ਼ਾ ਦੇ ਵਿੱਚ ਫੈਲ ਗਿਆ ਜ਼ਹਿਰ ਏ।
ਸੋਚੋ ਕੁੱਝ ਲੋਕੋ ! ਇਹ ਕੀ ਹੋਈ ਜਾਂਦਾ ਕਹਿਰ ਏ ?

ਜੰਡ, ਰੇਰੂ, ਹੀਂਸ ਤੇ ਕਰੀਰ ਪਹਿਲਾਂ ਮੁੱਕ ਗਏ।
ਝਾੜੀਆਂ, ਫਲਾਹੀਆਂ, ਫਰਮਾਹ ਵੀ ਸਾਥੋਂ ਰੁੱਸ ਗਏ।
ਸੈਆਂ ਫੁੱਲਾਂ, ਬੂਟਿਆਂ ਨੇ ਮੁੱਖ ਸਾਥੋਂ ਮੋੜਿਆ।
ਸੋਚੋ ਕੁੱਝ ਲੋਕੋ ! ਇਹਨਾਂ ਦਿਲ ਕਾਹਤੋਂ ਤੋੜਿਆ ?

ਰੋਝ ਤੇ ਹਿਰਨ ਮੁੱਕੇ ਗਿੱਦੜ, ਬਘਿਆੜ ਨੇ।
ਸੇਹਾਂ, ਗੋਹਾਂ ਬਿਨਾਂ ਸੁੰਨੇ ਵਣ ਤੇ ਉਜਾੜ ਨੇ।
ਡੋਡ ਕਾਵਾਂ, ਘੋਗੜਾਂ ਨੂੰ ਸਹਿਕਦੀਆਂ ਅੱਖੀਆਂ।
ਸੋਚੋ ਕੁੱਝ ਲੋਕੋ ! ਕਿੱਥੇ ਗਿਰਝਾਂ ਨੇ ਨੱਸੀਆਂ ?

ਕੱਛੂ, ਡੱਡੂ, ਟੋਡ ਘਟੇ ਘੱਟ ਗਈਆਂ ਮੱਛੀਆਂ।
ਕਿੱਥੇ ਨੇ ਗੜੋਏ, ਭੱਬੂ, ਲਾਲ ਵੀਰ ਵਹੁਟੀਆਂ।
ਸੱਪਾਂ ਨੂੰ ਅਸਾਂ ਨੇ ਸਦਾ ਜ਼ਾਲਮਾ ਜਿਉਂ ਮਾਰਿਆ।
ਸੋਚੋ ਕੁੱਝ ਲੋਕੋ ! ਜੀਵਾਂ ਸਾਡਾ ਕੀ ਵਿਗਾੜਿਆ ?

ਬੰਦ ਹੋਵੇ ਬਿਰਛਾਂ ਦਾ ਅੰਧਾਧੁੰਦ ਵੱਢਣਾ।
ਜੀਵ ਹੱਤਿਆ ਦਾ ਸ਼ੌਂਕ ਵੀਰੋ ਪੈਣਾ ਛੱਡਣਾ।
ਗੰਦਗੀ, ਆਬਾਦੀ ਤੇ ਘਟਾਈਏ ਛੇੜਖਾਨੀਆਂ।
ਰੰਗਲੀ ਕਾਇਨਾਤ ਦੀਆਂ ਸਾਂਭੀਆਂ ਨਿਸ਼ਾਨੀਆਂ।

ਸੋਹਣੇ ਪਿਆਰੇ ਰੁੱਖ ਜਗਦੀਸ਼ ਬਾਈ ਲਾ ਲਈਏ।
ਫਰਜ਼ਾਂ ਤੇ ਕਾਰਜਾਂ ਨੂੰ ਮਨਾਂ 'ਚ ਵਸਾ ਲਈਏ।
ਬਹਾਦਰਪੁਰੀ ! ਸ੍ਰਿਸ਼ਟੀ ਨੂੰ ਕਰੀਏ ਪਿਆਰ ਜੇ।
ਸੋਚੋ ਕੁੱਝ ਲੋਕੋ ! ਹੋਣਾ ਪੈਣਾ ਨਾ ਖੁਆਰ ਜੇ।

# ਹੜ੍ਹਾਂ ਨਾਲ ਹੁੰਦੀ ਤਬਾਹੀ ਨੂੰ ਕਿਵੇਂ ਘਟਾਇਆ ਜਾਵੇ?



ਪ੍ਰਾਚੀਨ ਸਮਿਆਂ ਵਿੱਚ ਪੰਜਾਬ ਵਿੱਚ ਆਉਂਦੇ ਰਹੇ ਹੜ੍ਹਾਂ ਬਾਰੇ ਕੋਈ ਸਿਲਸਿਲੇਵਾਰ ਰਿਕਾਰਡ ਪ੍ਰਾਪਤ ਨਹੀਂ। ਹਾਂ ਭਾਰਤ ਨਾਲ ਸੰਬੰਧਿਤ ਦਸਤਾਵੇਜ਼ਾਂ ਦੇ ਅਧਿਐਨ ਤੋਂ ਇਹ ਪਤਾ ਲੱਗਦਾ ਹੈ ਕਿ ਹੜ੍ਹ ਇਤਿਹਾਸ ਦੀ ਕੋਈ ਅਨਿਯਮਤ ਘਟਨਾ ਨਹੀਂ, ਸਗੋਂ ਇਹ ਕਿਸੇ ਨਾ ਕਿਸੇ ਕੁਦਰਤੀ ਘਟਨਾਕ੍ਰਮ ਜਾਂ ਖ਼ੁਦ ਸਿਰਜੇ ਹਾਲਾਤ ਅਨੁਸਾਰ ਆਉਂਦੇ ਹਨ। ਤੱਥਾਂ-ਮਿੱਥਾਂ ਅਨੁਸਾਰ, ਇਤਿਹਾਸ-ਮਿਥਹਾਸ ਵਿੱਚ, ਹੜ੍ਹਾਂ ਦਾ ਵਰਣਨ ਹੈ। ਅਨੋਖਾ ਅਤੇ ਪ੍ਰਾਚੀਨ ਸਾਹਿਤ ਵਿੱਚ ਇਸ ਦਾ ਜ਼ਿਕਰ ਵਾਰ-ਵਾਰ ਆਉਂਦਾ ਹੈ। ਰਿਗ ਵੇਦ ਵਿੱਚ 217 ਵਾਰ, ਬਾਈਬਲ ਵਿੱਚ 34 ਵਾਰ ਅਤੇ ਕੁਰਾਨ ਵਿੱਚ 4 ਵਾਰੀ। ਕੁਰਾਨ ਵਿੱਚ ਘੱਟ ਜ਼ਿਕਰ ਆਉਣ ਦਾ ਕਾਰਨ ਇਹ ਹੈ ਕਿ ਅਰਬ ਮੁਲਕ, ਜਿੱਥੇ ਕੁਰਾਨ ਦੀ ਰਚਨਾ ਹੋਈ, ਵਿੱਚ ਮੀਂਹ ਬਹੁਤ ਘੱਟ ਪੈਂਦੇ ਸਨ/ਹਨ। ਰਿਗ ਵੇਦ ਵਿੱਚ ਹੜ੍ਹਾਂ ਦਾ ਜ਼ਿਕਰ ਜ਼ਿਆਦਾ ਵਾਰੀ ਆਉਣ ਦਾ ਕਾਰਨ ਇਹ ਵੀ ਹੈ ਕਿ ਇਸ ਦੀ ਰਚਨਾ ਉਸ ਧਰਤੀ 'ਤੇ ਹੋਈ, ਜਿਹੜਾ ਉਦੋਂ ਸਪਤ-ਸਿੰਧੂ ਅਰਥਾਤ ਸੱਤ ਦਰਿਆਵਾਂ ਦੀ ਧਰਤੀ ਸੀ। ਇਹ ਖਿੱਤਾ ਪਾਣੀਆਂ ਦੀ ਧਰਤੀ ਵਜੋਂ ਜਾਣਿਆ ਜਾਂਦਾ ਸੀ ਅਤੇ ਇੱਥੋਂ ਦੇ ਵਾਸੀਆਂ ਦਾ ਪੂਰਬ ਇਤਿਹਾਸ ਕਾਲ ਤੋਂ ਹੜ੍ਹਾਂ ਦੇ ਲਾਭਾਂ ਅਤੇ ਸਮੱਸਿਆਵਾਂ ਨਾਲ ਵਾਹ-ਵਾਸਤਾ ਰਿਹਾ ਹਾਂ।

ਪਾਣੀ ਵਜ਼ਨਦਾਰ ਵਸਤ ਹੈ। ਨਿਵਾਣ ਵੱਲ ਖ਼ੁਦ-ਵ-ਖ਼ੁਦ ਵਗਣ ਤੋਂ ਬਿਨਾਂ ਇਸ ਨੂੰ ਇਧਰ-ਉਧਰ ਕਰਨਾ ਸੌਖਾ ਨਹੀਂ। ਹਰ ਵਰ੍ਹੇ, ਕਰੀਬ 32 ਅਰਬ ਏਕੜ ਫੁੱਟ ਪਾਣੀ ਧਰਤੀ 'ਤੇ ਵਗਦਾ ਹੋਇਆ, ਜਦ ਤੱਕ ਕਿ ਐਸੇ ਪਾਣੀ ਦੇ ਕੁੱਝ ਕੁ ਹਿੱਸੇ ਨੂੰ ਅਸੀਂ ਰੋਕ-ਖੜ੍ਹਾ ਜਾਂ ਮੋੜ ਕੇ ਵਰਤਣ ਨਹੀਂ ਸਾਂ ਲੱਗ ਪਏ, ਸਾਗਰਾਂ ਵੱਲ ਜਾਂਦਾ ਸੀ / ਹੈ। ਪਹਿਲ-ਪਲੱਕੜਿਆਂ ਵਿੱਚ ਸਹਿਜ-ਤੋਰੇ, ਹੁਣ ਦੁੜੰਗੇ ਮਾਰਦਾ। ਭਾਰਤ ਵਿੱਚ, ਹਾਲੇ ਵੀ ਪ੍ਰਤੀ ਸਾਲ ਲਗਭਗ 4000 ਅਰਬ ਘਣ ਮੀਟਰ ਪਾਣੀ ਜਲ-ਚੱਕਰਾਂ ਰਾਹੀਂ ਉੱਗਦਾ ਤੇ ਵਰਸਦਾ ਹੈ। ਇਸ ਗੇੜ ਵਿੱਚ ਘੁੰਮਦੇ ਸਾਲਾਨਾ ਜਲ ਨੂੰ ਜੇਕਰ ਸਮੁੰਦਰਾਂ, ਨਦੀਆਂ-ਦਰਿਆਵਾਂ, ਜਲ-ਕੁੰਡਾਂ ਜਾਂ ਜ਼ਮੀਨ ਵਿੱਚ ਸਮੇਟਣ ਦੀ ਬਜਾਏ ਸਾਲਮ-ਪੱਧਰੀ ਧਰਤੀ 'ਤੇ ਵਿਛਾ ਦੇਈਏ ਤਾਂ ਸਮੁੱਚੀ ਸਤ੍ਹਾ ਉੱਤੇ ਇਹ ਤਿੰਨ ਫੁੱਟ ਉੱਚਾ ਖੜ੍ਹ ਜਾਵੇਗਾ। ਹੁਣ, ਸਾਡੇ ਲਾਲਚਾਂ ਅਤੇ ਅਚੇਤ-ਸੁਚੇਤ ਗਲਤੀਆਂ ਕਾਰਨ ਦੇਸ਼ ਦੇ ਕੁੱਲ ਧਰਾਤਲੀ ਖਿੱਤੇ ਦਾ ਅੱਠਵਾਂ ਹਿੱਸਾ ਹੜ੍ਹਾਂ ਦੀ ਮਾਰ ਹੇਠ ਆ ਗਿਆ ਹੈ। ਕੋਈ ਸੂਬਾ ਜ਼ਿਆਦਾ ਅਤੇ ਕੋਈ ਕੁਝ



ਘੱਟ। ਕੋਈ ਕਦੇ-ਕਦੇ ਤੇ ਕੋਈ ਹਰ ਵਰ੍ਹੇ ਹੜ੍ਹਾਂ ਤੋਂ ਪ੍ਰਭਾਵਿਤ ਹੁੰਦਾ ਹੈ।

ਦਰ-ਹਕੀਕਤ ਪੰਜਾਬ ਵਿੱਚ ਤਿੱਖੇ ਹੜ੍ਹਾਂ ਅਤੇ ਜਲ-ਸੰਕਟ ਦਾ ਇਤਿਹਾਸ ਉਦੋਂ ਹੀ ਸ਼ੁਰੂ ਹੋਇਆ, ਜਦੋਂ ਅਸੀਂ ਕੁਦਰਤੀ ਟੋਏ, ਢਾਬਾਂ, ਛੰਭ ਫਨਾਹ ਕਰਨੇ ਸ਼ੁਰੂ ਕਰ ਦਿੱਤੇ। ਜਲ-ਵਹਿਣਾਂ ਅਤੇ ਜਲ-ਕੁੰਡਾਂ ਉੱਤੇ ਕਬਜ਼ੇ ਕਰਨ ਲੱਗੇ। ਜੇ ਪਾਣੀ ਰੁਕੇਗਾ ਨਹੀਂ, ਤਦ ਵਗੇਗਾ ਹੀ। ਅਣਸਾਵੇਂ ਵਿਕਾਸ, ਉੱਚਿਤ ਨਿਕਾਸੀ ਅਤੇ ਢੁਕਵੇਂ ਜਲ-ਪ੍ਰਬੰਧ ਦੀਆਂ ਕਾਰਗਰ ਯੋਜਨਾਵਾਂ ਤੇ ਸੁਹਿਰਦ ਅਮਲ ਦੀ ਅਣਹੋਂਦ ਕਾਰਨ ਅਸੀਂ ਹਰ ਵਰ੍ਹੇ ਬਰਸਾਤਾਂ ਵਿੱਚ ਰੁੜ੍ਹਦੇ ਅਤੇ ਖ਼ੁਸ਼ਕ ਮੌਸਮਾਂ ਵਿੱਚ ਸੋਕੇ ਦਾ ਸਾਹਮਣਾ ਕਰਦੇ ਹਾਂ। ਕਦੇ ਦਰਿਆਵਾਂ ਦਾ ਡੈਲਟਾ ਹੋਣ ਕਾਰਨ ਸਾਡੇ ਖਿੱਤੇ ਦੀ ਮਿੱਟੀ ਬੜੀ ਜ਼ਰਖੇਜ ਸੀ। ਜਿਹੜੀ ਹਰ ਫ਼ਸਲ ਪੈਦਾ ਕਰਨ ਦੇ ਸਮਰੱਥ ਸੀ। ਸਿੱਟਾ ਸਾਧਨ-ਸੰਪਨ ਸੱਭਿਆਤਾਵਾਂ ਦਾ ਉਥਾਨ ਹੋਇਆ। ਇਹੀ ਕਾਰਨ ਸੀ ਕਿ ਬੇਗਾਨੀਆਂ ਧਰਤੀਆਂ ਦੇ ਲੋਕ ਇਸ ਵੱਲ ਬਹੁ-ਪਰਤੀ ਨੁਕਸਾਨ ਵੀ ਇਸ ਧਰਤੀ ਨੂੰ ਸਹਿਣੇ ਪਏ, ਜਿਨ੍ਹਾਂ ਵਿੱਚੋਂ ਇੱਕ ਸੀ ਵਾਰ-ਵਾਰ ਹੜ੍ਹ-ਰੂਪੀ ਕੁਦਰਤੀ ਤ੍ਰਾਸਦੀ। ਜਿਹੜੀ ਹੁਣ ਕੁਦਰਤੀ ਦੀ ਬਜਾਏ, ਮਨੁੱਖ ਸਿਰਜਤ ਵੱਧ ਹੈ। ਮੁੱਖ ਕਾਰਨ ਹੈ ਮਨੁੱਖੀ ਲਾਲਚ, ਕੁਦਰਤ ਨਾਲ ਅਣ-ਮੇਚਵਾਂ ਅਤੇ ਗੈਰ-ਯੋਜਨਾਵੱਧ 'ਵਿਕਾਸ'।

ਜਲ ਮਾਹਿਰ ਵਿਸ਼ਵਾਸ ਕਾਲੇ ਅਨੁਸਾਰ, 'ਵੀਹਵੀਂ ਸਦੀ ਦੇ ਅੱਧ ਤੋਂ ਬਾਅਦ ਪੂਰਬਲੇ ਹੜ੍ਹਾਂ ਦੇ ਮੁਕਾਬਲੇ ਵੱਡੇ ਆਕਾਰ ਦੇ ਹੜ੍ਹ ਜ਼ਿਆਦਾ ਆਉਣੇ ਸ਼ੁਰੂ ਹੋ ਗਏ। ਭਾਵੇਂ ਗਿਣਤੀ ਵਜੋਂ ਹੜ੍ਹ ਘੱਟ ਆਏ, ਪਰ ਹੁਣ ਬਹੁ-ਪਰਤੀ ਅਤੇ ਵੱਡੇ ਨੁਕਸਾਨ ਹੁੰਦੇ ਹਨ। ਕਾਰਨ ਜੰਗਲਾਂ ਦਾ ਨਾਸ਼ ਅਤੇ ਪਹਾੜਾਂ ਵਿੱਚ ਬੇਕਿਰਕ ਦਖਲਅੰਦਾਜ਼ੀ'। ਰੁੰਡ-ਮਰੁੰਡ ਪਹਾੜਾਂ ਦਾ ਮਲਬਾ ਵਗਦੇ ਪਾਣੀ ਨੂੰ ਜਲ-ਮਾਰਗਾਂ ਤੋਂ ਭਟਕਾ ਕੇ ਹੜ੍ਹਾਂ ਦਾ ਕਾਰਨ ਵੀ ਬਣ ਰਿਹਾ ਹੈ ਅਤੇ ਜਲ-ਸੰਗ੍ਰਹਿਆਂ ਦੀ ਜਲ ਗ੍ਰਹਿਣ ਸਮੱਰਥਾ ਵੀ ਘਟਾ ਰਿਹਾ ਹੈ।


ਬਨਸਪਤੀ ਕਵਰ ਵਗਦੇ ਪਾਣੀ ਦੀ ਗਤੀ ਘਟਾ ਕੇ ਜਾਂ ਰੋਕ-ਖੜ੍ਹਾ ਕੇ ਨਾ ਸਿਰਫ਼ ਹੜ੍ਹ ਦੀ ਦਰ ਘਟਾਉਂਦੀ, ਸਗੋਂ ਜੜ੍ਹਾਂ ਰਾਹੀਂ ਧਰਤੀ ਪਾਣੀ ਵਿੱਚ ਭੇਜ ਕੇ ਭਵਿੱਖ ਲਈ ਸੁਰੱਖਿਅਤ ਵੀ ਕਰ ਦਿੰਦੀ ਹੈ। ਇੱਕ ਵਰਗ ਕਿਲੋਮੀਟਰ ਬਹੁ-ਭਾਂਤੀ ਘਣਾ ਜੰਗਲ 50 ਹਜ਼ਾਰ ਘਣ ਮੀਟਰ ਵਰਖੇਈ ਪਾਣੀ ਧਰਤੀ ਵਿੱਚ ਸੰਚਾਰ ਕਰ ਸਕਦਾ ਹੈ। ਰੁੰਡ-ਮਰੁੰਡ ਪਹਾੜਾਂ ਦਾ ਮਲਬਾ ਜਲ-ਵਹਿਣਾਂ ਨੂੰ ਭਰਪੂਰ ਕੇ ਵਗਦੇ ਪਾਣੀ ਨੂੰ ਜਲ-ਮਾਰਗਾਂ ਤੋਂ ਭਟਕਾ ਕੇ ਹੜ੍ਹਾਂ ਦਾ ਕਾਰਨ ਵੀ ਬਣ ਰਿਹਾ ਹੈ ਅਤੇ ਜਲ-ਸੰਗ੍ਰਹਿਆਂ ਦੀ ਜਲ ਗ੍ਰਹਿਣ ਸਮਰੱਥਾ ਵੀ



ਵਿਜੈ ਬੰਬੇਲੀ
ਮੋ. 94634-39075

ਘਟਾ ਰਿਹਾ ਹੈ। ਇੱਕ ਹੈਕਟੇਅਰ ਨੰਗੇ-ਢਾਲਵੇਂ ਰਕਬੇ ਤੋਂ ਪ੍ਰਤੀ ਸਾਲ 30 ਟਨ ਮਿੱਟੀ ਖੁਰ-ਰੁੜ੍ਹ ਜਾਂਦੀ ਹੈ। ਜਦੋਂ ਪਾਣੀ ਢਲਾਣ ਤੋਂ ਉਤਰਦਾ ਹੈ, ਉੱਥੇ ਜੇ ਧਰਤੀ ਬਨਸਪਤੀ-ਵਿਹੂਣੀ ਹੋਵੇ ਤਦ ਮਹਿਜ ਦੁੱਗਣੀ ਗਤੀ 'ਤੇ ਹੀ ਭੂਮੀ ਦੀ ਕੱਟ-ਵੱਢ 4 ਗੁਣਾ, ਮਾਦਾ ਚੁੱਕ-ਚੜ੍ਹਨ ਦੀ ਸਮਰੱਥਾ 32 ਗੁਣਾ ਅਤੇ ਰੋੜ੍ਹ ਸਮਰੱਥਾ 64 ਗੁਣਾ ਹੋ ਜਾਂਦੀ ਹੈ। ਪ੍ਰੰਤੂ, ਜੇ ਜਲ-ਗਤੀ ਤਿੰਨ ਗੁਣਾ ਹੋਵੇ ਤਾਂ ਹੜ੍ਹ ਸਮਰੱਥਾ 729 ਗੁਣਾ ਹੋ ਜਾਂਦੀ ਹੈ। ਨੰਗੇ ਢਾਲਵੇਂ ਖਿੱਤਿਆਂ ਅਤੇ ਜਰਜਰ ਪਹਾੜਾਂ ਵਿੱਚ ਇਹ ਭਾਣਾ ਹੋਰ ਵੀ ਡਰਾਉਣੇ ਰੂਪ ਵਿੱਚ ਵਾਪਰਦਾ ਹੈ। ਸਿੱਟੇ ਵਜੋਂ ਜਲ-ਵਹਿਣਾਂ, ਦਰਿਆਵਾਂ ਅਤੇ ਸਾਗਰਾਂ ਦਾ ਮੁਹਾਂਦਰਾ ਬਦਲ ਰਿਹਾ ਹੈ। ਜੰਗਲਾਂ ਅਤੇ ਪਹਾੜਾਂ ਦੀ ਬੇ-ਹੁਰਮਤੀ ਕਾਰਨ ਭਾਰਤ ਦੀ 10 ਕਰੋੜ 58 ਲੱਖ ਏਕੜ ਧਰਤੀ ਹੜ੍ਹ-ਮਾਰ ਹੇਠ ਆ ਚੁੱਕੀ ਹੈ, ਜਿਸ ਵਿੱਚ ਪੰਜਾਬ ਵੀ ਸ਼ਾਮਿਲ ਹੈ।

ਵੇਮਿਨ ਇਨਕੁਆਰੀ ਕਮਿਸ਼ਨ ਨੇ 1944 ਵਿੱਚ ਹੀ ਸਪੱਸ਼ਟ ਰੂਪ ਵਿੱਚ ਕਹਿ ਦਿੱਤਾ ਸੀ, 'ਵਰਖੇਈ ਜਲ ਸਿਰਫ਼ ਕੁਦਰਤੀ ਜਾਂ ਢੁਕਵੇਂ ਮਨਸੂਈ ਜਲ-ਕੁੰਡਾਂ ਵਿੱਚ ਹੀ ਸਾਂਭਿਆ ਜਾ ਸਕਦਾ ਹੈ। ਆਉਣ ਵਾਲੇ ਸਮੇਂ ਵਿੱਚ ਜਲ ਸੰਕਟ ਅਤੇ ਹੜ੍ਹ-ਸੁਰੱਖਿਆ ਦੇ ਟਕਸਾਲੀ ਉਪਾਅ ਹਿਤ ਸਿਰਫ਼ ਕੁਦਰਤੀ ਜਲ-ਕੁੰਡ (ਛੱਭ, ਢਾਬਾਂ, ਤਾਲ), ਤਾਲਾਬ-ਟੋਏ ਅਤੇ ਕੁਦਰਤੀ ਜਲ-ਵਹਿਣਾਂ 'ਤੇ ਸਮਰੱਥ ਮਨਸੂਈ ਯੋਜਨਾਵਾਂ ਹੀ ਕਾਰਗਰ ਹਨ। ਸਿਰਫ਼ ਅਤੇ ਸਿਰਫ਼ ਇਨ੍ਹਾਂ ਰਾਹੀਂ ਹੀ ਪਾਣੀ ਦਾ ਧਰਤੀ ਵਿੱਚ ਸੰਚਾਰ ਕਰਵਾਇਆ ਜਾਂ ਬਹੁ-ਪੱਖੀ ਕਾਰਜਾਂ ਲਈ ਸਾਂਭਿਆ ਜਾ ਸਕਦਾ ਹੈ।' ਹੜ੍ਹਾਂ ਤੋਂ ਬਚਣ ਲਈ ਸਾਨੂੰ ਜਲ-ਵਹਿਣਾ ਦੇ ਹਥਿਆ ਲਏ ਗਏ, ਕੁਦਰਤੀ ਲਾਂਘੇ ਮੁੜ ਬਹਾਲ ਕਰਨੇ ਪੈਣਗੇ। ਧੁੱਸੀ ਬੰਨ੍ਹਾਂ ਤੇ ਡਰੇਨਾਂ ਨੂੰ ਮਜ਼ਬੂਤ ਅਤੇ ਕਾਰਗਰ ਬਣਾਉਣਾ ਪਵੇਗਾ। ਸਾਂਝੇ ਜਲ-ਸਰੋਤਾਂ ਹੇਠਲੀ ਜ਼ਮੀਨ, ਕੁਦਰਤੀ ਜਲ-ਮਾਰਗਾਂ 'ਤੇ ਕੀਤੇ ਨਾਜ਼ਾਇਜ਼ ਕਬਜ਼ੇ ਅਤੇ ਮੂਹਰੇ ਕੀਤੀਆਂ ਉਸਾਰੀਆਂ ਹਰ ਹਾਲਤ ਵਿੱਚ ਖ਼ਤਮ ਕਰਨੀਆਂ ਪੈਣਗੀਆਂ। ਭੂਗੋਲਿਕ ਅਤੇ ਪ੍ਰਾਪਤ ਸਥਿਤੀ ਅਨੁਸਾਰ ਵਰਖਾ ਦੀ ਹਰ ਤ੍ਰਿੱਪ ਸੰਭਾਲਣ ਲਈ ਯਥਾਯੋਗ ਹੋਰ ਸੰਭਵ ਉਪਾਅ ਕਰਨੇ ਪੈਣਗੇ। ਪਹਾੜ ਸਰ-ਸਬਜ ਕਰਨੇ ਪੈਣਗੇ। ਪਹਾੜੀ ਖਿੱਤੇ ਵਿੱਚ ਮੁੱਖ ਖੱਡ ਵਿੱਚ ਸ਼ਾਮਿਲ ਹੁੰਦੀਆਂ ਛੋਟੀਆਂ ਖੱਡਾਂ ਦੇ ਮੁਹਾਨਿਆਂ 'ਤੇ ਹੀ ਪਾਣੀ ਰੋਕ-ਖੜ੍ਹਾਉਣ ਦੇ ਉਪਰਾਲੇ ਕਰਨੇ ਚਾਹੀਦੇ ਹਨ, ਮੁੱਖ ਚੋਅ (ਖੱਡਾ) ਵਗਦੇ ਰਹਿਣੇ ਚਾਹੀਦੇ ਹਨ ਕਿਉਂਕਿ ਜਲ, ਤਲ ਅਤੇ ਚੌਗਿਰਦਾ-ਨਮੀ ਨੂੰ ਸਾਵਾਂ ਰੱਖਣ ਵਿੱਚ ਅਹਿਮ ਹਿੱਸਾ



ਪਾਉਂਦੇ ਸਨ। ਵਿਹੜਿਆਂ, ਛੱਤਾਂ, ਖੇਤਾਂ ਅਤੇ ਭਾਅ-ਕਿਸਮ ਦੇ ਜਲ ਵਹਿਣਾਂ ਵਿੱਚ ਵਗਦੇ ਪਾਣੀ ਨੂੰ ਸਾਂਭਣ-ਸਲ੍ਹਟਣ, ਧਰਤੀ ਵਿੱਚ ਭੇਜਣ ਅਤੇ ਯੋਗ ਵਰਤੋਂ ਲਈ ਸੰਭਵ ਸਥਿਤੀ ਅਨੁਸਾਰ ਸਸਤੇ ਅਤੇ ਕਾਰਗਰ ਤਰੀਕੇ ਅਤੇ ਤਕਨੀਕਾਂ ਅਪਨਾਉਣੀਆਂ ਹੋਣਗੀਆਂ। ਅਹਿਮ ਨੁਕਤਾ ਇਹ ਕਿ ਦਰਿਆਵਾਂ, ਹੈੱਡ ਵਰਕਸਾਂ ਅਤੇ ਡੈਮਾਂ ਦਾ ਮੁਕੰਮਲ ਕੰਟਰੋਲ ਤੇ ਵਗਦੇ ਪਾਣੀਆਂ ਬਾਰੇ ਨੀਤੀਗਤ ਫ਼ੈਸਲੇ ਸਿਰਫ਼ ਤੇ ਸਿਰਫ਼ ਸੰਬੰਧਿਤ ਸੂਬੇ ਦੇ ਹੀ ਹੱਥ-ਵੱਸ ਹੋਣੇ ਚਾਹੀਦੇ ਹਨ। ਸਭ ਤੋਂ ਵੱਧ ਆਲਮੀ ਤਪਸ਼ ਘਟਾਉਣ ਅਤੇ ਸਾਂਵੀ ਵਰਖਾ ਵਰ੍ਹਾਉਣ ਵਿੱਚ ਸਹਾਈ ਹੁੰਦੇ ਕਾਰਕਾਂ ਅਤੇ ਜੰਗਲਾਂ ਦੀ ਮੁੜ ਬਹਾਲੀ ਲਈ ਸਮੂਹਿਕ ਯਤਨ ਜੁਟਾਉਣੇ ਪੈਣਗੇ।

### ਪਹਿਲਕਦਮੀ ਦੀ ਲੋੜ

'ਖੇਤ ਦੀ ਮਿੱਟੀ ਖੇਤ ਵਿੱਚ, ਖੇਤ ਦਾ ਪਾਣੀ ਖੇਤ ਵਿੱਚ।

ਪਿੰਡ ਦੀ ਮਿੱਟੀ ਪਿੰਡ ਵਿੱਚ, ਪਿੰਡ ਦਾ ਪਾਣੀ ਪਿੰਡ ਵਿੱਚ।'

ਇਹ ਨਾਅਰਾ ਡੂੰਘੇ ਅਰਥ ਅਤੇ ਹਾਂਦਰੂ ਸਿੱਟੇ ਸਮੇਟੀ ਬੈਠਾ ਹੈ। ਵਰਖਾ ਜਿੰਨੀ ਵੀ ਅਤੇ ਜਿੱਥੇ ਵੀ ਪੈਂਦੀ ਹੈ, ਸੰਭਾਲਣ ਤੋਂ ਬਿਨਾ ਕੋਈ ਚਾਰਾ ਨਹੀਂ। ਜਲ-ਸੰਕਟਾਂ ਦਾ ਅਸਰ ਤੇ ਸਦੀਵੀ ਹੱਲ ਇਹੀ ਹੈ। ਨਿੱਜੀ ਤਜ਼ਰਬਿਆਂ 'ਤੇ ਆਧਾਰਤ ਇੱਕ ਕਮਾਲ ਦੀ ਉਦਾਹਰਨ, ਸੰਦਰਭ ਕੰਢੀ ਖਿੱਤਾ, ਮੈਂ ਤੁਹਾਡੇ ਨਾਲ ਸਾਂਝੀ ਕਰਾਂਗਾ।

'ਵੱਖ-ਵੱਖ, ਸੌਖੀਆਂ ਤੇ ਸਸਤੀਆਂ ਵਿਧੀਆਂ ਵਰਤ-ਉਸਾਰ ਕੇ ਪੰਜਾਬ ਦਾ ਕੰਡੀ ਖਿੱਤਾ ਵਰਖੇਈ ਪਾਣੀ ਰੋਕਣ-ਖਲਾਰਣ ਅਤੇ ਧਰਤੀ ਵਿੱਚ ਗਰਕਾਉਣ ਹਿੱਤ ਬੜਾ ਢੁੱਕਵਾਂ ਹੈ। ਪੰਜਾਬ ਦਾ ਕੁੱਲ ਰਕਬਾ 54 ਲੱਖ ਹੈਕਟੇਅਰ ਹੈ, ਜਿਸ ਦਾ 10 ਫ਼ੀਸਦੀ ਭਾਵ 5.4 ਲੱਖ ਹੈਕ. ਕੰਢੀ ਖੇਤਰ ਵਿੱਚ ਪੈਂਦਾ ਹੈ। ਭਾਰਤ ਦੀ ਔਸਤਨ ਸਾਲਾਨਾ ਵਰਖਾ 1200 ਐਮ. ਐਮ. ਹੈ। ਮੌਜੂਦਾ ਹਾਲਾਤ ਤਹਿਤ ਪੰਜਾਬ ਦੀ 800 ਐਮ. ਐਮ. ਮੰਨ ਲਵੋ। ਹਾਲ ਦੀ ਘੜੀ ਤੁਸੀਂ ਕੰਢੀ ਦਾ ਚੌਥਾ ਹਿੱਸਾ (25 ਫ਼ੀਸਦੀ), ਜਾਣੀ 1.35 ਲੱਖ ਹੈਕ., ਹੀ ਮੰਨ ਲਵੋ ਅਤੇ ਰੋੜ੍ਹਵੀਂ ਵਰਖਾ ਵੀ 50 ਫ਼ੀਸਦੀ, ਭਾਵ 100 ਐਮ. ਐਮ. ਹੀ ਮੰਨ ਕੇ ਚੱਲੋ। ਜੇ ਅਸੀਂ ਕੰਢੀ ਦੇ ਚੌਥੇ ਹਿੱਸੇ ਵਿੱਚ ਹੀ ਵਰਖਾ ਦਾ ਮਹਿਜ਼ ਅੱਧ ਹੀ ਰੋਕ ਖੜ੍ਹਾ ਕੇ ਵਰਤ-ਗਰਕਾ ਲਈਏ, ਤਦ ਵੀ ਬਰਸਾਤ ਦੇ ਇੰਝ ਕਮਾਏ ਹੋਏ ਪਾਣੀ ਦੀ ਮਿਕਦਾਰ 54 ਹਜ਼ਾਰ ਹੈਕ. ਲੀਟਰ ਬਣ ਜਾਵੇਗੀ। ਜਿਹੜਾ ਐਨਾ ਹੈ ਕਿ ਤੁਸੀਂ ਸਾਰੇ ਪੰਜਾਬ ਵਿੱਚ ਜੇ ਇਹ ਬਿਲਕੁਲ ਸਾਵਾਂ-ਪੱਧਰਾ ਹੋਵੇ, ਇੱਕ-ਇੱਕ ਗਿੱਠ (10 ਸੈਂਟੀ ਮੀ.) ਪਾਣੀ ਖੜ੍ਹਾ ਸਕਦੇ ਹੋ। ਸੋ ਜਲ-ਸੰਕਟ ਦੇ ਨਿਵਾਰਨ ਅਤੇ ਹੜ੍ਹਾਂ ਦੇ ਜ਼ਿਕਰਯੋਗ ਸਮਾਧਾਨ ਹਿੱਤ ਕੰਢੀ ਵਿੱਚ ਭੂਮੀ ਤੇ ਜਲ ਸੰਭਾਲ ਵਿਧੀਆਂ ਅਪਣਾਓ ਅਤੇ ਬਾਕੀ ਪੰਜਾਬ ਵਿੱਚ ਟੋਭੇ ਅਤੇ ਵੱਟ ਬੰਦੀਆਂ।

ਮੁੱਕਦੀ ਗੱਲ ਹੜ੍ਹ ਕੁਦਰਤੀ ਅਤੇ ਮਨੁੱਖ ਸਿਰਜਤ ਤ੍ਰਾਸਦੀ ਹੈ, ਜਿਹੜੀ ਮੁਸਲੇਧਾਰ ਵਰਖਾ, ਧਨ ਕੁਬੇਰੀ ਲਾਲਸਾ, ਗੈਰ ਯੋਜਨਾਬੱਧ ਵਿਕਾਸ ਅਤੇ ਸਰਕਾਰ ਦੀਆਂ ਨਾਲਾਇਕੀਆਂ ਕਾਰਨ ਵਾਪਰਦੀ ਹੈ। ਤਾਂ-ਆਲਮ ਦੀ ਦੋ-ਤਿਹਾਈ ਆਬਾਦੀ ਅਤੇ 13 ਫ਼ੀਸਦੀ ਖੇਤਰ ਕਿਸੇ ਨਾ ਕਿਸੇ ਰੂਪ ਵਿੱਚ ਹੜ੍ਹ ਪ੍ਰਭਾਵਿਤ ਹੈ। ਬਹੁਤੇ ਦੇਸ਼ ਉਹ ਹਨ, ਜਿੱਥੇ ਕੁਦਰਤੀ ਬੇ-ਵਸੀ ਹੈ, ਘਣੀ ਆਬਾਦੀ ਹੈ, ਰਾਜ-ਭਾਗ ਠੀਕ ਨਹੀਂ ਜਾਂ ਜਿਹੜੇ 'ਰੱਬੀ ਭਾਣੇ' ਵਿੱਚ ਮਸਰੂਫ਼ ਹਨ। ਵਿਆਪਕ ਵਰਖਾ ਨੂੰ ਵੀ ਸਾਂਭਣ-ਸਲ੍ਹਟਣ, ਕਮਾਉਣ ਵਰਤਾਉਣ ਵਿੱਚ ਸ਼ਾਇਦ ਓਨਾ ਖਰਚ ਨਹੀਂ ਆਵੇਗਾ, ਜਿੰਨਾ ਹਰ ਸਾਲ ਪਹਿਲਾਂ ਗੁਆਉਣ, ਮਗਰੋਂ ਮੁੜ-ਭਰਪਾਈ ਉੱਤੇ ਅਸੀਂ ਖਰਚ ਕਰ ਬੈਠਦੇ ਹਾਂ। ਆਰਥਿਕ ਨੁਕਸਾਨ ਦੀ ਪੂਰਤੀ ਤਾਂ ਹੋ ਜਾਵੇਗੀ, ਪਰ ਮੋਇਆਂ ਨੂੰ ਕੌਣ ਮੋੜ ਲਿਆਵੇਗਾ। ਵਰਖਾ ਦਾ ਸੁਖਦ ਲਾਹਾ ਲੈਣ ਲਈ ਲੰਮੇਰੀਆਂ, ਚਿਰ ਸਥਾਈ, ਕੁਦਰਤ ਮੇਚਵੀਆਂ ਅਤੇ ਸਿਆਣੀਆਂ ਯੋਜਨਾਵਾਂ ਅਤੇ ਦ੍ਰਿੜ੍ਹ ਇੱਛਾ-ਸ਼ਕਤੀ ਦੀ ਲੋੜ ਹੈ। ਪਰ ਇਹ ਸਿਰਫ਼ ਕੁਦਰਤ ਅਤੇ ਲੋੜ-ਪੱਖੀ ਨਿਜ਼ਾਮ ਵਿੱਚ ਹੀ ਸੰਭਵ ਹੈ।

# ਘਰ ਵਿਚ ਮਾਈਕ੍ਰੋਗਰੀਨਜ਼ ਉਗਾਉਣ ਲਈ ਸੁਝਾਅ



ਸੁਖਦੀਪ ਕੌਰ ਅਤੇ ਮਨਿੰਦਰ ਸਿੰਘ ਬੌਂਸ,
ਕ੍ਰਿਸ਼ੀ ਵਿਗਿਆਨ ਕੇਂਦਰ, ਹੁਸ਼ਿਆਰਪੁਰ, ਮੋਬਾਇਲ : 98789-83893

**ਮਾਈਕ੍ਰੋਗਰੀਨਜ਼ ਕੀ ਹਨ ?**

ਇਹ ਆਮ ਤੌਰ 'ਤੇ 1-3 ਇੰਚ ਲੰਬੇ, ਸਬਜ਼ੀਆਂ, ਜੜ੍ਹੀ-ਬੂਟੀਆਂ ਅਤੇ ਖਾਣ ਵਾਲੇ ਫੁੱਲਾਂ ਦੇ ਛੋਟੇ ਬੂਟੇ ਹੁੰਦੇ ਹਨ। ਇਹ ਆਕਾਰ ਵਿਚ ਛੋਟੇ ਹੁੰਦੇ ਹਨ ਅਤੇ ਬਾਹਰੀ ਬਗੀਚਿਆਂ ਤੋਂ ਲੈ ਕੇ ਵਿੰਡੋਸਿਲ (ਖਿੜਕੀ ਦੇ ਬਾਹਰ ਵਾਲੀ ਸਤਿਹ) ਤੱਕ, ਵੱਖ-ਵੱਖ ਸੈਟਿੰਗਜ਼ ਵਿਚ ਵਧਦੇ ਹਨ।

**ਮਾਈਕ੍ਰੋਗਰੀਨਜ਼ ਅਤੇ ਸਪ੍ਰਾਊਟਸ ਵਿਚ ਅੰਤਰ**

★ ਬੀਜ ਦੇ ਉੱਗਣ ਤੋਂ ਬਾਅਦ



ਸਪ੍ਰਾਉਟ ਇਕ ਪੌਦੇ ਦੇ ਜੀਵਨ ਚੱਕਰ ਦਾ ਸਭ ਤੋਂ ਪਹਿਲਾ ਪੜਾਅ ਹੁੰਦਾ ਹੈ। ਇਸ ਸਮੇਂ, ਸਪ੍ਰਾਉਟਸ ਫਿੱਕੇ ਰੰਗ ਦੇ ਹੁੰਦੇ ਹਨ ਕਿਉਂਕਿ ਉਨ੍ਹਾਂ ਨੇ ਅਜੇ ਤੱਕ ਪ੍ਰਕਾਸ਼ ਸੰਸ਼ਲੇਸ਼ਣ ਅਤੇ ਕਲੋਰੋਫਿਲ ਪੈਦਾ ਕਰਨਾ ਸ਼ੁਰੂ ਨਹੀਂ ਕੀਤਾ ਹੁੰਦਾ।

★ ਸਪ੍ਰਾਊਟਸ ਨਵੇਂ ਪੁੰਗਰੇ ਬੀਜ ਹਨ ਜੋ ਆਮ ਤੌਰ 'ਤੇ ਪਾਣੀ ਵਿਚ ਪੁੰਗਰਦੇ ਹਨ, ਜਦਕਿ ਮਾਈਕ੍ਰੋਗਰੀਨਜ਼, ਮਿੱਟੀ ਜਾਂ ਹਾਈਡ੍ਰੋਪੋਨਿਕ ਤੌਰ 'ਤੇ (ਪਾਣੀ-ਅਧਾਰਤ ਪੌਸ਼ਟਿਕ ਘੋਲ) ਉੱਗਾਏ ਜਾ ਸਕਦੇ ਹਨ, ਪਰ ਉਹਨਾਂ ਨੂੰ ਸੂਰਜ ਦੀ ਰੌਸ਼ਨੀ ਦੀ ਲੋੜ ਹੁੰਦੀ ਹੈ।

★ ਇਸ ਦੇ ਉਲਟ, ਮਾਈਕ੍ਰੋਗਰੀਨਜ਼ ਸਪ੍ਰਾਉਟਸ ਤੋਂ ਉੱਗਦੇ ਹਨ, ਅਤੇ ਉਹਨਾਂ ਦੇ ਪੱਤੇ ਹੁੰਦੇ ਹਨ। ਜਦੋਂ ਛੋਟੇ ਪੱਤੇ ਪੂਰੀ ਤਰ੍ਹਾਂ ਵਿਕਸਤ ਹੋ ਜਾਂਦੇ ਹਨ, ਅਤੇ ਪਹਿਲੇ ਸਹੀ ਪੱਤੇ ਉੱਭਰਦੇ ਹਨ, ਤਾਂ ਪੌਦਾ ਇਕ ਮਾਈਕ੍ਰੋਗਰੀਨ ਬਣ ਜਾਂਦਾ ਹੈ।

★ ਸਪ੍ਰਾਉਟਸ ਦੇ ਵਧਣ ਦਾ ਜੀਵਨ ਚੱਕਰ ਕਾਫੀ ਛੋਟਾ ਹੁੰਦਾ ਹੈ ਅਤੇ ਇਹਨਾਂ ਕਟਾਈ ਬੀਜਾਂ ਦੇ ਉੱਗਣ ਤੋਂ ਬਾਅਦ ਅਤੇ ਪੱਤਿਆਂ ਦੇ ਵਿਕਾਸ ਤੋਂ ਪਹਿਲਾਂ ਹੀ 2-7 ਦਿਨਾਂ ਦੇ ਅੰਦਰ ਕੀਤੀ ਜਾਂਦੀ ਹੈ, ਜਦੋਂ ਕਿ ਮਾਈਕ੍ਰੋਗਰੀਨਜ਼ ਦੀ ਕਟਾਈ ਉਹਨਾਂ ਦੀਆਂ ਕਿਸਮਾਂ ਦੇ ਅਧਾਰ ਤੇ, ਆਮ ਤੌਰ 'ਤੇ ਉੱਗਣ ਤੋਂ 7-21 ਦਿਨਾਂ ਬਾਅਦ (ਜਿਵੇਂ ਹੀ ਪੌਦੇ ਦੇ ਪਹਿਲੇ ਸਹੀ ਪੱਤੇ ਪ੍ਰਗਟ ਹੁੰਦੇ ਹਨ) ਕੀਤੀ ਜਾਂਦੀ ਹੈ।

★ ਸਪ੍ਰਾਉਟਸ ਵਿਚ ਮਾਈਕ੍ਰੋਗਰੀਨਜ਼ ਦੇ ਮੁਕਾਬਲੇ ਵੱਧ ਅਮੀਨੋ ਐਸਿਡ, ਪੈਕਟਿਨ ਅਤੇ ਸ਼ੱਕਰ ਹੁੰਦੇ ਹਨ। ਜਦੋਂ ਕਿ ਮਾਈਕ੍ਰੋਗਰੀਨਜ਼ ਕੈਰੋਟੀਨੋਇਡਜ਼, ਕਲੋਰੋਫਿਲ ਅਤੇ ਜੈਵਿਕ ਐਸਿਡ ਨਾਲ ਭਰਪੂਰ ਹੁੰਦੇ ਹਨ, ਅਤੇ ਇਹਨਾਂ ਵਿਚ ਕੋਈ ਸ਼ੱਕਰ ਨਹੀਂ ਹੁੰਦੀ ਜਿਹਨਾਂ ਕਰਕੇ ਇਹ ਸ਼ੱਕਰ ਰੋਗ ਵਿਰੋਧੀ ਗੁਣ ਵੀ ਪ੍ਰਦਰਸ਼ਿਤ ਕਰਦੇ ਹਨ।

**ਘਰ ਵਿਚ ਮਾਈਕ੍ਰੋਗਰੀਨਜ਼ ਦੀ ਕਾਸ਼ਤ**

1. **ਉੱਗਾਉਣ ਲਈ ਮਾਧਿਅਮ ਤਿਆਰ ਕਰੋ** : ਇੱਕ ਪਤਲੀ ਪਰਤ (ਲਗਭਗ 1-2 ਇੰਚ) ਜੈਵਿਕ ਪੌਟਿੰਗ ਵਾਲੀ ਮਿੱਟੀ ਜਾਂ ਮਿੱਟੀ ਰਹਿਤ ਵਧਣ ਵਾਲੇ ਮਾਧਿਅਮ (ਨਾਰੀਅਲ ਦਾ ਬਾਹਰਲਾ ਛਿਲਕਾ/ਕੋਇਰ) ਨਾਲ ਘੱਟ ਡੂੰਘੀ ਟਰੇਅ ਜਾਂ ਕੰਟੇਨਰ (2-4 ਇੰਚ ਉੱਚਾਈ ਜਿਸ ਵਿਚ ਵਾਧੂ ਪਾਣੀ ਦੇ ਨਿਕਾਸ ਲਈ ਛੋਟੀ ਮੋਰੀ ਹੋਵੇ) ਨਾਲ ਭਰੋ। ਦੋਵੇਂ ਵਿਕਲਪ ਵਾਤਾਵਰਣ-ਅਨੁਕੂਲ ਹਨ ਅਤੇ ਸਿਹਤਮੰਦ ਜੜ੍ਹਾਂ ਦੇ ਵਿਕਾਸ ਨੂੰ ਉਤਸਾਹਿਤ ਕਰਦੇ ਹਨ। ਸਭ ਤੋਂ ਆਮ ਵਧਣ ਵਾਲੇ ਮਾਧਿਅਮ ਕੋਕ ਪਿਟ, ਪਰਲਾਈਟ ਅਤੇ ਵਰਮੀਕੁਲਾਈਟ ਹਨ ਜਾਂ ਇਹਨਾਂ ਸਭ ਨੂੰ ਸਹੀ ਅਨੁਪਾਤ ਵਿੱਚ ਮਿਲਾ ਕੇ ਵੀ ਵਰਤਿਆ ਜਾ ਸਕਦਾ ਹੈ। ਖਾਸ ਤੌਰ 'ਤੇ ਮਾਈਕ੍ਰੋਗਰੀਨਜ਼ ਉੱਗਾਉਣ ਲਈ ਮਾਧਿਅਮ ਤਿਆਰ ਕੀਤੇ ਸਿੰਗਲ-ਵਰਤੋਂ ਵਧਣ ਵਾਲੀਆਂ ਮੈਟਾਂ ਨੂੰ ਬਹੁਤ ਸਾਫ ਸੁਥਰਾ ਬਦਲ ਮੰਨਿਆ ਜਾਂਦਾ ਹੈ।

2. **ਬੀਜ ਦੀ ਚੋਣ** : ਆਪਣੀ ਤਰਜੀਹ ਅਨੁਸਾਰ ਮਾਈਕ੍ਰੋਗਰੀਨ ਕਿਸਮਾਂ ਦੇ ਜੈਵਿਕ, ਗੈਰ-ਜੀ.ਐਮ.ਓ. ਬੀਜਾਂ ਦੀ ਚੋਣ ਕਰੋ। ਪ੍ਰਮੁੱਖ ਵਿਕਲਪਾਂ ਵਿਚ ਬਰੋਕਲੀ, ਕੇਲ, ਮੂਲੀ, ਸੂਰਜਮੁਖੀ ਅਤੇ ਮਟਰ ਦੀਆਂ ਸ਼ੂਟ ਸ਼ਾਮਲ ਹਨ।

3. **ਢੁੱਕਵੀਂ ਨਮੀਂ ਪ੍ਰਦਾਨ ਕਰੋ** : ਸਪਰੇਅ ਬੋਤਲ ਦੀ ਵਰਤੋਂ ਕਰਕੇ ਬੀਜਾਂ ਅਤੇ ਮਿੱਟੀ ਨੂੰ ਹਲਕੇ ਤੌਰ 'ਤੇ ਰੋਜ਼ਾਨਾ ਪਾਣੀ ਦਾ ਛਿੱਟਾ ਦਿਉ, ਤਾਂ ਕਿ ਉਹ ਲਗਾਤਾਰ ਗਿੱਲੇ ਰਹਿਣ ਪਰ ਪਾਣੀ ਵਿਚ ਡੁੱਬੇ ਨਾ ਹੋਣ।

4. **ਸਹੀ ਰੌਸ਼ਨੀ ਯਕੀਨੀ ਬਣਾਓ** : ਟਰੇਅ ਨੂੰ ਧੁੱਪ ਵਾਲੀ ਖਿੜਕੀ ਵਿਚ ਜਾਂ ਵਧਣ ਵਾਲੀਆਂ ਲਾਈਟਾਂ ਦੇ ਹੇਠਾਂ ਰੱਖੋ ਤਾਂ ਜੋ ਪ੍ਰਤੀ ਦਿਨ ਘੱਟੋ-ਘੱਟ 6-8 ਘੰਟੇ ਲੋੜੀਂਦੀ ਸੂਰਜ ਦੀ ਰੌਸ਼ਨੀ ਪ੍ਰਦਾਨ ਕੀਤੀ ਜਾ ਸਕੇ। ਮਾਈਕ੍ਰੋਗਰੀਨਜ਼ ਨੂੰ ਅਨੁਕੂਲ ਵਧਣ ਲਈ 18-22°C (65-72°F) ਤਾਪਮਾਨ ਅਤੇ ਲਗਭਗ 50-70% ਨਮੀ ਚਾਹੀਦੀ ਹੈ।

5. **ਵਾਢੀ/ਕਟਾਈ** : ਇਕ ਵਾਰ ਜਦੋਂ ਮਾਈਕ੍ਰੋਗਰੀਨਜ਼ ਨੇ ਆਪਣੇ ਪੱਤਿਆਂ ਦਾ ਪਹਿਲਾ ਸੈੱਟ ਵਿਕਸਿਤ ਕਰ ਲਿਆ (1-3 ਹਫਤਿਆਂ ਬਾਅਦ), ਉਹ ਵਾਢੀ ਲਈ ਤਿਆਰ ਹੋ ਜਾਂਦੇ ਹਨ। ਮਿੱਟੀ ਦੀ ਰੇਖਾ ਦੇ ਬਿਲਕੁਲ ਉੱਪਰ ਬੂਟਿਆਂ ਨੂੰ ਕੱਟਣ ਲਈ ਸਾਫ ਕੈਂਚੀ ਦੀ ਵਰਤੋਂ ਕਰੋ, ਅਤੇ ਖਪਤ ਤੋਂ ਪਹਿਲਾਂ ਮਾਈਕ੍ਰੋਗਰੀਨਜ਼ ਨੂੰ ਚੰਗੀ ਤਰ੍ਹਾਂ ਧੋ ਲਵੋ।

ਘਰ ਵਿਚ ਮਾਈਕ੍ਰੋਗਰੀਨ ਦੀ ਕਾਸ਼ਤ ਕਰਨਾ ਪਹੁੰਚਯੋਗ ਅਤੇ ਅਨੰਦਦਾਇਕ ਗਤੀਵਿਧੀ ਹੈ ਜੋ ਸਿਹਤਮੰਦ ਅਤੇ ਟਿਕਾਊ ਜੀਵਨ ਸ਼ੈਲੀ ਨੂੰ ਉਤਸ਼ਾਹਿਤ ਕਰਦੀ ਹੈ।

# ਬੈਕਯਾਰਡ ਮੁਰਗੀ ਪਾਲਣ - ਪੌਸ਼ਟਿਕ ਆਹਾਰ ਦਾ ਧੁਰਾ

ਅਜੀਤਪਾਲ ਸਿੰਘ ਧਾਲੀਵਾਲ,
ਗੁਰਦੀਪ ਸਿੰਘ ਅਤੇ ਅਜੇ ਗੋਦਾਰਾ,
ਕ੍ਰਿਸ਼ੀ ਵਿਗਿਆਨ ਕੇਂਦਰ, ਬਠਿੰਡਾ

**ਬੈਕਯਾਰਡ ਪੋਲਟਰੀ ਫਾਰਮਿੰਗ ਪੇਂਡੂ ਖੇਤਰ ਦੀ ਰੀੜ ਦੀ ਹੱਡੀ ਹੈ। ਪੇਂਡੂ ਖੁਰਾਕ ਵਿਚ ਅੰਡੇ-ਮੀਟ ਦੀ ਉਪਲੱਬਧਤਾ ਵਧਾਉਣਾ ਅਤੇ ਹੋਰ ਪੌਸ਼ਟਿਕ ਬਣਾਉਣਾ ਤਾਂ ਹੀ ਸੰਭਵ ਹੈ ਜੇਕਰ ਅਸੀਂ ਬੈਕਯਾਰਡ ਪੋਲਟਰੀ ਨੂੰ ਪੇਂਡੂ ਖੇਤਰ ਵਿਚ ਪ੍ਰਫੁੱਲਤ ਕਰਨਾ ਯਕੀਨ ਬਣਾਵਾਂਗੇ। ਇਸ ਤੋਂ ਬਿਨਾਂ ਬੈਕਯਾਰਡ ਪੋਲਟਰੀ ਦੇ ਹੋਰ ਫਾਇਦੇ ਇਸ ਤਰ੍ਹਾਂ ਹਨ।**

1. ਸਸਤੀ ਅਤੇ ਲਗਾਤਾਰ ਅੰਡੇ-ਮੀਟ ਦੀ ਉਪਲੱਬਧਤਾ ਸਿਰਫ ਬੈਕਯਾਰਡ ਪੋਲਟਰੀ ਨਾਲ ਹੀ ਯਕੀਨੀ ਬਣਾਈ ਜਾ ਸਕਦੀ ਹੈ।

2. ਅੰਡਾ ਪਸ਼ੂ ਪ੍ਰੋਟੀਨ ਦਾ ਸਭ ਤੋਂ ਸਸਤਾ ਸ੍ਰੋਤ ਹੈ ਅਤੇ ਮੀਟ ਬੈਕਯਾਰਡ ਪੋਲਟਰੀ ਰਾਹੀਂ ਵਧੀਆ, ਸਸਤਾ ਅਤੇ ਲਗਾਤਾਰ ਸਪਲਾਈ ਦਾ ਅਹਿਮ ਰੋਲ ਅਦਾ ਕਰਦਾ ਹੈ।


3. ਦੇਸੀ ਨਸਲਾਂ, ਵਲੈਤੀ ਨਸਲਾਂ ਦੇ ਮੁਕਾਬਲੇ ਬਦਲਦੇ ਵਾਤਾਵਰਨ ਵਿਚ ਜ਼ਿਆਦਾ ਸਹਿਣਸ਼ੀਲ ਅਤੇ ਅਨੁਕੂਲ ਹਨ ਅਤੇ ਬਿਮਾਰੀਆਂ ਦਾ ਅਸਰ ਵੀ ਕਾਫੀ ਘੱਟ ਹੁੰਦਾ ਹੈ।

4. ਬੈਕਯਾਰਡ ਯੂਨਿਟ ਵਿਚ ਘੱਟ ਜਗ੍ਹਾ, ਪੈਸਾ ਅਤੇ ਬਹੁਤ ਘੱਟ ਫੀਡ ਖਰਚੇ ਨਾਲ ਅੰਡਾ-ਮੀਟ ਤਿਆਰ ਕੀਤਾ ਜਾ ਸਕਦਾ ਹੈ।

5. ਇਸ ਵਿਧੀ ਵਿਚ ਘੱਟ ਖਰਚੇ ਕਰਕੇ ਅਤੇ ਬਹੁਤ ਘੱਟ ਕੁਸ਼ਲ ਪ੍ਰਬੰਧ ਤੋਂ ਬਿਨ੍ਹਾਂ ਵੀ ਚਲਾਇਆ ਜਾ ਸਕਦਾ ਹੈ। ਬਜ਼ੁਰਗ, ਔਰਤਾਂ ਤੇ ਬੱਚੇ ਆਸਾਨੀ ਨਾਲ ਇਸ ਕੰਮ ਨੂੰ ਕਰ ਸਕਦੇ ਹਨ।

6. ਇਸ ਤਰੀਕੇ ਆਮਦਨ ਲਗਾਤਾਰ ਅਤੇ ਵਧੀਆ ਹੋਣ ਕਰਕੇ ਪੇਂਡੂ ਖੇਤਰਾਂ ਦਾ ਰਹਿਣ-ਸਹਿਣ ਵਧੀਆ ਹੋ ਜਾਂਦਾ ਹੈ।

7. ਦੇਸੀ ਮੁਰਗੀਆਂ ਰੰਗਦਾਰ ਹੋਣ ਕਰਕੇ ਜ਼ਿਆਦਾ ਪ੍ਰਭਾਵਸ਼ਾਲੀ ਦਿੱਖ ਦਿੰਦੀਆਂ ਹਨ ਤੇ ਬਜ਼ਾਰ ਵਿਚ ਵੱਧ ਰੇਟ 'ਤੇ ਵਿੱਕ ਸਕਦੀਆਂ ਹਨ।



8. ਬੈਕਯਾਰਡ ਪੋਲਟਰੀ ਗਰੀਬੀ ਘਟਾਉਣ, ਆਮਦਨ ਦੀ ਇਕਾਗਰਤਾ ਕਰਨ, ਕੁਦਰਤੀ ਵਸੀਲਿਆਂ ਦੀ ਸਹੀ ਵਰਤੋਂ 'ਤੇ ਸੰਤੁਲਿਤ-ਸਸਤੀ ਖੁਰਾਕ ਪੈਦਾ ਕਰਨ ਦਾ ਵਸੀਬਾ ਸਿੱਧ ਹੋ ਸਕਦੇ ਹਨ।

9. ਦੇਸੀ ਅੰਡਾ-ਮੀਟ ਮਹਿੰਗਾ ਵਿਕਣ ਕਰਕੇ ਵਧੀਆ ਅਤੇ ਇਕਸਾਰ ਆਮਦਨ ਦਾ ਅਹਿਮ ਸ੍ਰੋਤ ਹੈ।

**ਪ੍ਰਫੁੱਲਤ ਨਾ ਹੋਣ ਦੇ ਕਾਰਨ** :

ਬੈਕਯਾਰਡ ਪੋਲਟਰੀ ਲਈ ਬਹੁਤ ਘੱਟ ਜਾਨਵਰਾਂ ਦੀ ਲੋੜ, ਘੱਟ ਦਵਾਈਆਂ, ਫੀਡ, ਵੈਕਸੀਨ ਆਦਿ ਪੇਂਡੂ ਖੇਤਰਾਂ ਵਿਚ ਘੱਟ ਉਪਲੱਬਧ ਹੋਣਾ। ਛੋਟੇ ਚੂਚੇ ਵਿਚ ਬਰੂੰਡਿੰਮ ਸਹੀ ਨਾ ਹੋਣ ਕਰਕੇ ਮੌਤ-ਦਰ ਬਹੁਤ ਜ਼ਿਆਦਾ ਹੁੰਦੀ ਹੈ। ਬੈਕਯਾਰਡ ਪੋਲਟਰੀ ਨੂੰ ਬਾਰਿਸ਼, ਤੇਜ਼ ਹਵਾਵਾਂ, ਅਵਾਰਾ ਜਾਨਵਰਾਂ ਦਾ ਖਤਰਾ ਬਹੁਤ ਹੁੰਦਾ ਹੈ।

ਬੈਕਯਾਰਡ ਪੋਲਟਰੀ ਦੀਆਂ ਦੋਨੇ ਉਪਜਾਂ ਅੰਡਾ ਅਤੇ ਮੀਟ ਬਹੁਤ ਹੀ ਵਧੀਆ ਤੇ ਸੰਤੁਲਿਤ ਆਹਾਰ ਹਨ। ਇਹਨਾਂ ਦੀ ਰੋਜ਼ਾਨਾ ਖੁਰਾਕ ਵਿਚ ਉਪਲੱਬਧਤਾ ਬਣਾਉਣਾ ਬਹੁਤ ਜ਼ਰੂਰੀ ਹੈ। ਇਕ ਤੰਦਰੁਸਤ ਵਿਅਕਤੀ ਲਈ ਰੋਜਾਨਾ 60 ਗ੍ਰਾਮ ਪ੍ਰੋਟੀਨ ਦੀ ਲੋੜ ਹੈ। ਇਸ ਵਿੱਚੋਂ 10 ਗ੍ਰਾਮ ਜੀਵ-ਸੋਮਿਆਂ ਜਿਵੇਂ ਕਿ ਅੰਡਾ, ਮੀਟ, ਦੁੱਧ, ਮੱਛੀ ਆਦਿ 16.3 ਗ੍ਰਾਮ, ਕੈਲਸ਼ੀਅਮ 60 ਮਿ. ਗ੍ਰਾਮ, ਫਾਸਫੋਰਸ 220 ਮਿ. ਗ੍ਰਾਮ, ਲੋਹਾ 2100 ਮਾਈਕਰੋ ਗ੍ਰਾਮ, ਪੋਟਾਸ਼ੀਅਮ 220 ਮਿ. ਗ੍ਰਾਮ, ਮੈਗਨੀਸ਼ੀਅਮ 9 ਮਿਲੀ ਗ੍ਰਾਮ, ਤਾਂਬਾ 170 ਮਾਈਕਰੋ ਗ੍ਰਾਮ, ਜ਼ਿੰਕ 1300 ਮਾਈਕਰੋ ਗ੍ਰਾਮ, ਨਾਈਸੀਨ 0.1 ਮਿ. ਗ੍ਰਾਮ, ਥਾਈਮੀਨ 0.10 ਮਿ. ਗ੍ਰਾਮ, ਵਿਟਾਮਿਨ ਬੀ-12, 0.252 ਮਿ. ਗ੍ਰਾਮ, ਵਿਟਾਮਿਨ ਈ 2 ਮਿ. ਗ੍ਰਾਮ, ਊਰਜਾ 170 ਕੈਲੋਰੀ ਆਦਿ ਪ੍ਰਤੀ 100 ਗ੍ਰਾਮ ਪਾਏ ਜਾਂਦੇ ਹਨ। ਅੰਡੇ ਦੀ ਜੀਵਕ ਮੁੱਲ 95% ਹੈ ਜੋ ਕਿ ਸਾਰੇ ਹੀ ਪਦਾਰਥਾਂ ਤੋਂ ਉੱਤਮ ਹੈ।

ਇਸ ਵਿਧੀ ਨਾਲ ਘਰੇਲੂ ਪੋਸ਼ਨ ਵਿਚ ਵਾਧਾ ਕੀਤਾ ਜਾਂਦਾ ਹੈ ਅਤੇ ਸਸਤੀ-ਸੰਤੁਲਿਤ ਖੁਰਾਕ ਪੈਦਾ ਕੀਤੀ ਜਾ ਸਕਦੀ ਹੈ।



# ਮਿਆਰੀ ਬੀਜ ਉਤਪਾਦਨ - ਸਫਲ ਖੇਤੀ ਦਾ ਅਨਿੱਖੜਵਾਂ ਅੰਗ

ਤਰਵਿੰਦਰ ਪਾਲ ਸਿੰਘ, ਦੀਪਕ ਅਰੌੜਾ ਅਤੇ ਗੌਰਵ ਖੋਸਲਾ,
ਦਫਤਰ ਨਿਰਦੇਸ਼ਕ ਬੀਜ, ਪੀ. ਏ. ਯੂ., ਲੁਧਿਆਣਾ

ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਜਿੱਥੇ ਖੋਜ ਕਾਰਜਾਂ ਰਾਹੀਂ ਨਵੀਆਂ ਕਿਸਮਾਂ ਅਤੇ ਤਕਨੀਕਾਂ ਵਿਕਸਿਤ ਕਰਕੇ ਕਿਸਾਨਾਂ ਨੂੰ ਅਰਪਣ ਕਰਦੀ ਹੈ, ਇਸਦੇ ਨਾਲ ਇਸ ਯੂਨੀਵਰਸਿਟੀ ਦਾ ਮੁੱਖ ਟੀਚਾ ਇਨ੍ਹਾਂ ਬੀਜ ਉਤਪਾਦਨ ਅਦਾਰਿਆਂ ਲਈ ਬ੍ਰੀਡਰ (ਨਸਲੀ) ਅਤੇ ਫਾਊਂਡੇਸ਼ਨ (ਅਧਾਰੀ) ਬੀਜ ਉਪਲਬਧ ਕਰਵਾਉਣਾ ਹੈ । ਇਸ ਦਾ ਸਭ ਤੋਂ ਸੌਖਾ ਅਤੇ ਲਾਹੇਵੰਦ ਹੱਲ ਇਹ ਹੈ ਕਿ ਕਿਸਾਨ ਆਪਣੇ ਪੱਧਰ ਤੇ ਹੀ ਮਿਆਰੀ ਬੀਜ ਪੈਦਾ ਕਰਨ । ਇਸ ਲਈ ਕਿਸਾਨਾਂ ਨੂੰ ਜਾਗਰੂਕ ਹੋਣ ਦੀ ਲੋੜ ਹੈ ਤਾਂ ਜੋ ਉਹ ਆਪਣੇ ਹੀ ਖੇਤਾਂ ਵਿਚ ਸੁੱਧਰੇ ਬੀਜ ਪੈਦਾ ਕਰਕੇ ਆਪਣੀ ਅਤੇ ਹੋਰ ਗੁਆਂਢੀ ਕਿਸਾਨਾਂ ਦੀ ਬੀਜ ਸਬੰਧੀ ਜ਼ਰੂਰਤ ਵੀ ਪੂਰੀ ਕਰਨ ਦੇ ਸਮਰੱਥ ਹੋ ਸਕਣ । ਸਵੈ ਪਰਾਗਣ ਵਾਲੀਆਂ ਫਸਲਾਂ ਜਿਵੇਂ ਕਿ ਕਣਕ, ਝੋਨਾ, ਮੂੰਗੀ, ਮਾਂਹ, ਸੋਇਆਬੀਨ, ਛੋਲੇ ਆਦਿ ਅਤੇ ਘੱਟ ਪਰ ਪਰਾਗਣ ਵਾਲੀਆਂ ਫਸਲਾਂ ਜਿਵੇਂ ਕਿ ਅਰਹਰ, ਕਪਾਹ, ਰਾਇਆ ਸਰ੍ਹੋਂ ਆਦਿ ਦਾ ਬੀਜ ਉਤਪਾਦਨ ਬਿਨਾਂ ਕਿਸੇ ਮੁਸ਼ਕਲ ਤੋਂ ਕੀਤਾ ਜਾ ਸਕਦਾ ਹੈ । ਇਸੇ ਤਰ੍ਹਾਂ ਪਰ-ਪਰਾਗਣ ਵਾਲੀਆਂ ਫਸਲਾਂ ਕਿਵੇਂ ਕਿ ਮੱਕੀ, ਬਾਜਰਾ, ਸੂਰਜਮੁਖੀ, ਖਰਬੂਜੇ ਆਦਿ ਨੂੰ ਕੁਝ ਨਦੀਨਾਂ ਅਤੇ ਫਸਲ ਦੀਆਂ ਹੋਰ ਕਿਸਮਾਂ ਨਾਲ ਪਰ-ਪਰਾਗਣ ਤੋਂ ਬਚਾ ਕੇ ਵਧੀਆ ਬੀਜ ਉਤਪਾਦਨ ਕੀਤਾ ਜਾ ਸਕਦਾ ਹੈ ।

ਨਿਰਧਾਰਿਤ ਮਿਆਰਾਂ ਵਾਲੇ ਬੀਜ ਪੈਦਾ ਕਰਨ ਲਈ ਬੀਜ ਦਾ ਪੰਜਾਬ ਰਾਜ ਬੀਜ ਪ੍ਰਮਾਣੀਕਰਨ ਸੰਸਥਾ ਵਲੋਂ ਖੇਤਾਂ ਅਤੇ ਬੀਜਾਂ ਦੇ ਨਿਸ਼ਚਿਤ ਮਾਪਦੰਡਾਂ ਨੂੰ ਧਿਆਨ ਵਿਚ ਰੱਖ ਕੇ ਪ੍ਰਮਾਣੀਕਰਨ ਕੀਤਾ ਜਾਂਦਾ ਹੈ ।

**ਜ਼ਮੀਨ ਦੀ ਚੋਣ** : ਖੇਤ ਦੀ ਚੋਣ ਵੇਲੇ ਇਸ ਗੱਲ ਦਾ ਖਾਸ ਖਿਆਲ ਰੱਖੋ ਕਿ ਪਿਛਲੇ ਸਾਲ ਉਸ ਖੇਤ ਵਿਚ ਇਸੇ ਫਸਲ ਦੀ ਕੋਈ ਵੀ ਕਿਸਮ ਨਾ ਬੀਜੀ ਹੋਵੇ ਖਾਸ ਕਰਕੇ ਝੋਨੇ, ਤੋਰੀਏ ਅਤੇ ਸਰ੍ਹੋਂ ਦੇ



ਬੀਜ ਉਤਪਾਦਨ ਸਮੇਂ, ਕਿਉਂਕਿ ਇਹਨਾਂ ਫਸਲਾਂ ਦੇ ਬੀਜ ਜ਼ਮੀਨ ਵਿੱਚ ਬਿਨਾਂ ਖਰਾਬ ਹੋਏ ਲੰਬੇ ਸਮੇਂ ਤੱਕ ਰਹਿ ਸਕਦੇ ਹਨ ਅਤੇ ਅਨੁਕੂਲ ਮੌਸਮ ਮਿਲਣ ਤੇ ਜੰਮ ਪੈਂਦੇ ਹਨ, ਜਿਸ ਨਾਲ ਆਪੇ ਉੱਗੇ ਬੂਟੇ ਬੀਜ ਵਾਲੀ ਫਸਲ ਵਿਚ ਰਲ ਸਕਦੇ ਹਨ ਅਤੇ ਬੀਜ ਦੀ ਗੁਣਵੱਤਾ ਤੇ ਮਾੜਾ ਅਸਰ ਪਾ ਸਕਦੇ ਹਨ । ਝੋਨੇ ਦੀ ਪਨੀਰੀ ਉਗਾਉਣ ਵੇਲੇ ਵੀ ਇਸ ਗੱਲ ਦਾ ਖਾਸ ਧਿਆਨ ਰੱਖਣਾ ਚਾਹੀਦਾ ਹੈ ਕਿ ਜਿਸ ਜਗ੍ਹਾ ਪਿਛਲੇ ਸਾਲ ਝੋਨਾ ਝਾੜਿਆ ਗਿਆ ਹੋਵੇ, ਉਹ ਜਗ੍ਹਾ ਪਨੀਰੀ ਬੀਜਣ ਲਈ ਨਾ ਵਰਤੀ ਜਾਵੇ । ਨੀਵੇਂ ਖੇਤਾਂ ਵਿਚ ਬੀਜ ਉਤਪਾਦਨ ਨੂੰ ਤਰਜੀਹ ਨਹੀਂ ਦੇਣੀ ਚਾਹੀਦੀ ਕਿਉਂਕਿ ਇਹਨਾਂ ਖੇਤਾਂ ਵਿੱਚ ਮੀਂਹ ਦਾ ਪਾਣੀ ਇਕੱਠਾ ਹੋ ਕੇ ਬੀਜ ਵਾਲੀ ਫਸਲ ਦਾ ਨੁਕਸਾਨ ਕਰ ਸਕਦਾ ਹੈ । ਹਮੇਸ਼ਾਂ ਉੱਚੇ ਖੇਤ, ਜਿਹਨਾਂ ਵਿੱਚੋਂ ਵਾਧੂ ਪਾਣੀ ਆਸਾਨੀ ਨਾਲ ਕੱਢਿਆ ਜਾ ਸਕੇ, ਨੂੰ ਬੀਜ ਉਤਪਾਦਨ ਲਈ ਤਰਜੀਹ ਦਿਓ । ਇਹਨਾਂ ਖੇਤਾਂ ਵਿਚ ਖੜ੍ਹੀ ਫਸਲ ਵਿੱਚੋਂ ਹਵਾ ਵੀ ਆਸਾਨੀ ਨਾਲ ਲੰਘ ਸਕਦੀ ਹੈ, ਜੋ ਕਿ ਸਿਹਤਮੰਦ ਫਸਲ ਲਈ ਬੜੀ ਲਾਹੇਵੰਦ ਮੰਨੀ ਜਾਂਦੀ ਹੈ ।

**ਬੀਜ ਪੈਦਾ ਕਰਨ ਲਈ ਕਿਸਮ ਦੀ ਚੋਣ** : ਬੀਜ ਪੈਦਾ ਕਰਨ ਲਈ ਕਿਸਮ ਦੀ ਚੋਣ ਕਰਨ ਵੇਲੇ ਇਨ੍ਹਾਂ ਕੁੱਝ ਗੱਲਾਂ ਦਾ ਧਿਆਨ ਰੱਖੋ ਕਿ ਉਹ ਕਿਸਮ ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵੱਲੋਂ ਪ੍ਰਮਾਣਿਤ ਹੋਵੇ, ਬੀਜ ਉਤਪਾਦਨ ਵਾਲੇ ਇਲਾਕੇ ਵਿਚ ਵਧੀਆ ਝਾੜ ਦੇਂਦੀ ਹੋਵੇ ਅਤੇ ਉਸ ਕਿਸਮ ਵਿਚ ਹੋਰ ਗੁਣ ਜਿਵੇਂ ਬਿਮਾਰੀਆਂ ਤੋਂ ਬਚਾਅ, ਅਗੇਤੀ, ਵਧੀਆ ਕੁਆਲਿਟੀ ਆਦਿ ਵੀ ਹੋਣ ।

**ਸਹੀ ਬੀਜ ਦੀ ਚੋਣ** : ਬੀਜ ਹਮੇਸ਼ਾ ਹੀ ਵਧੀਆ ਕੁਆਲਿਟੀ ਦਾ ਵਰਤੋਂ ਅਤੇ ਬੀਜ ਦੀ ਥੈਲੀ ਤੇ ਟੈਗ ਲੱਗਿਆ ਸੁਨਿਸ਼ਚਤ ਕਰੋ । ਬੀਜ ਕਿਸੇ ਸਰਕਾਰੀ, ਅਰਧ ਸਰਕਾਰੀ ਜਾਂ ਭਰੋਸੇਮੰਦ ਪ੍ਰਾਈਵੇਟ ਅਦਾਰ ਤੋਂ ਹੀ ਖਰੀਦੋ । ਬੀਜ ਖਰੀਦਣ ਲੱਗਿਆਂ ਹੇਠ ਲਿਖੀਆਂ ਗੱਲਾਂ ਦਾ ਧਿਆਨ ਰੱਖੋ :

1. ਬੀਜ ਦੀ ਸ਼੍ਰੇਣੀ ਦੇਖ ਕੇ ਖਰੀਦੋ । ਜੇ ਤੁਸੀ ਸਰਟੀਫਾਈਡ (ਪ੍ਰਮਾਣਿਤ) ਬੀ ਤਿਆਰ ਕਰਨਾ ਹੈ ਤਾਂ ਇਸ ਦੀ ਫਾਊਂਡੇਸ਼ਨ (ਅਧਾਰੀ) ਬੀਜ ਹੀ ਵਰਤੋ ।
2. ਬੀਜ ਦੀ ਥੈਲੀ ਸਹੀ ਟੈਗ ਵੇਖ ਕੇ ਕੇ ਖਰੀਦੋ । ਬੀਜ ਦੀ ਥੈਲੀ ਅਤੇ ਟੈਗ ਤੇ ਦਿੱਤੀ ਗਈ ਜਾਣਕਾਰੀ ਦਾ ਮਿਲਾਣ ਜਰੂਰ ਕਰ ਲਓ ।
3. ਸਾਰੀਆਂ ਥੈਲੀਆਂ ਇੱਕੋ ਕਿਸਮ ਦੀਆਂ ਹੋਣ ।

**ਬੀਜ ਦੀ ਸੋਧ** : ਆਮ ਤੌਰ ਤੇ ਫਾਊਂਡੇਸ਼ਨ ਜਾਂ ਸਰਟੀਫਾਈਡ ਬੀਜ ਜਿਹੜਾ ਕਿ ਅਸੀਂ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਤੋਂ ਲੈਂਦੇ ਹਾਂ ਉਹ ਪਹਿਲਾਂ ਤੋਂ ਹੀ ਸੋਧਿਆ ਹੁੰਦਾ ਹੈ । ਜੇ ਬੀਜ ਸੋਧਿਆ ਨਹੀਂ ਹੈ ਤਾਂ ਉਸ ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ਾਂ ਅਨੁਸਾਰ ਸੋਧੋ । ਸੋਧਿਆ ਹੋਇਆ ਬੀਜ ਫਸਲ ਨੂੰ ਮਿੱਟੀ ਅਤੇ ਬੀਜ ਤੋਂ ਫੈਲਣ ਵਾਲੀਆਂ ਬਿਮਾਰੀਆਂ ਤੋਂ ਸਹਾਈ ਹੁੰਦਾ ਹੈ ਜੋ ਕਿ ਆਰਥਿਕ ਤੌਰ ਤੇ ਵੀ ਬਹੁਤ ਢੁੱਕਵਾਂ ਤਰੀਕਾ ਹੈ । ਉਦਾਹਰਨ ਦੇ ਤੌਰ ਤੇ ਬਾਸਮਤੀ ਵਿਚ ਹੋਣ ਵਾਲਾ ਝੰਡਾ ਰੋਗ ਅਤੇ ਕਣਕ ਦੇ ਸਿੱਟੇ ਦਾ ਕਾਂਗਿਆਰੀ ਰੋਗ ਸਿਰਫ ਸਹੀ ਬੀਜ ਉਪਚਾਰ ਨਾਲ ਹੀ ਰੋਕਿਆ ਜਾ ਸਕਦਾ ਹੈ । ਇਸੇ ਤਰ੍ਹਾਂ ਕੁਝ ਫਸਲਾਂ ਵਿਚ ਬੀਜ ਨੂੰ ਕੀੜੇਮਾਰ ਦਵਾਈਆਂ ਨਾਲ ਵੀ ਸੋਧਿਆ ਜਾ ਸਕਦਾ ਹੈ । ਉਦਾਹਰਨ ਦੇ ਤੌਰ ਤੇ ਮੱਕੀ ਅਤੇ ਜਵਾਰ ਵਿਚ ਸ਼ਾਖ ਦੀ ਮੱਖੀ ਤੋਂ ਬਚਾਅ ਲਈ ਬੀਜ ਨੂੰ ਸੋਧਿਆ ਜਾਂਦਾ ਹੈ । ਫਸਲ ਬੀਜਣ ਤੋਂ ਬਾਅਦ ਪੰਛੀਆਂ ਅਤੇ ਸਿਉਂਕ ਦੁਆਰਾ ਹੋਣ ਵਾਲੇ ਨੁਕਸਾਨ ਤੋਂ ਬਚਣ ਲਈ ਵੀ ਕੀੜੇਮਾਰ ਦਵਾਈਆਂ ਨਾਲ ਬੀਜ ਦੀ ਸੋਧ ਜ਼ਰੂਰੀ ਹੋ ਜਾਂਦੀ ਹੈ ।

**ਬਿਜਾਈ ਦੇ ਢੰਗ** : ਬੀਜ ਵਾਲੀ ਫਸਲ ਨੂੰ ਹਮੇਸ਼ਾ ਕਤਾਰਾਂ ਵਿਚ ਹੀ ਬੀਜਣਾ ਚਾਹੀਦਾ ਹੈ । ਸਭ ਤੋਂ ਸੌਖਾ ਤਰੀਕਾ ਬੀਜ ਡਰਿੱਲ ਨਾਲ ਬਿਜਾਈ ਹੈ । ਇਸ ਗੱਲ ਦਾ ਧਿਆਨ ਰੱਖੋ ਕਿ ਬਿਜਾਈ ਤੋਂ ਪਹਿਲਾਂ ਡਰਿੱਲ ਚੰਗੀ ਤਰ੍ਹਾਂ ਸਾਫ ਹੋਵੇ । ਬ ਜ ਉਤਪਾਦਨ ਵੇਲੇ ਹਰ 10-12 ਕਤਾਰਾਂ ਬਾਦ ਇਕ ਕਤਾਰ ਖਾਲੀ ਛੱਡੋ, ਜਿਸ ਨਾਲ ਨਾਲ ਓਪਰੇ ਬੂਟੇ ਕੱਢਣੇ ਅਤੇ ਫਸਲ ਦਾ ਨਿਰੀਖਣ ਕਰਨਾ ਸੁਖਾਵਾਂ ਹੋ ਜਾਂਦਾ ਹੈ ।

**ਫਸਲਾਂ ਵਿਚਕਾਰ ਫਾਸਲਾ** : ਬੀਜ ਦੀ ਸ਼ੁੱਧਤਾ ਨੂੰ ਬਰਕਰਾਰ ਰੱਖਣ ਲਈ ਬੀਜ ਵਾਲੀ ਫਸਲ ਇਸੇ ਫਸਲ ਦੇ ਦੂਜੇ ਖੇਤਾਂ ਤੋਂ ਘੱਟ ਤੋਂ ਘੱਟ ਇਕ ਨਿਰਧਾਰਤ ਦੂਰੀ ਤੇ ਹੋਣੀ ਚਾਹੀਦੀ ਹੈ ਤਾਂ ਕਿ ਪਰ ਪਰਾਗਣ ਅਤੇ ਰਲਾਅ ਨਾ ਹੋ ਸਕੇ । ਇਹ ਫਾਸਲਾ ਕੇਂਦਰੀ ਬੀਜ ਪ੍ਰਮਾਣਿਤ ਸੰਸਥਾ ਵੱਲੋਂ ਨਿਰਧਾਰਤ ਕੀਤਾ ਜਾਂਦਾ ਹੈ ।

| ਫਸਲ | ਨਿਵੇਕਲੀ ਦੂਰੀ (ਮੀਟਰ) |
|---|---|
| ਕਣਕ, ਝੋਨਾ, ਮੂੰਗਫਲੀ ਅਤੇ ਸੋਇਆਬੀਨ | 3 |
| ਮੱਕੀ | 200 |
| ਮੂੰਗੀ, ਮਾਂਹ, ਛੋਲੇ ਅਤੇ ਮਟਰ | 5 |
| ਅਰਹਰ | 10 |
| ਸੂਰਜਮੁਖੀ | 200 |
| ਸਰ੍ਹੋਂ | 50 |
| ਅਲਸੀ | 25 |

**ਕਾਸ਼ਤ ਦੇ ਢੰਗ** : ਬੀਜ ਦੀ ਫਸਲ ਲਈ ਹਮੇਸ਼ਾ ਕਾਸ਼ਤ ਦੇ ਉੱਨਤ ਢੰਗ ਵਰਤੋ । ਫਸਲ ਨੂੰ ਖਾਦਾਂ ਦੀ ਸਿਫਾਰਸ਼ ਕੀਤੀ ਮਾਤਰਾ ਸਹੀ ਸਹੀ ਤੇ ਪਾਓ । ਇਸ ਤੋਂ ਇਲਾਵਾ ਫਸਲ ਨੂੰ ਕਦੇ ਵੀ ਪਾਣੀ ਤੋਂ ਵਾਂਝਾ ਨਾ ਰੱਖੋ । ਫਸਲ ਨੂੰ ਨਦੀਨ ਮੁਕਤ ਅਤੇ ਕੀੜਿਆਂ ਅਤੇ ਬਿਮਾਰੀਆਂ ਦੇ ਹਮਲੇ ਤੋਂ ਬਚਾਉਣ ਲਈ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਦੀਆਂ ਸਿਫਾਰਸ਼ ਕੀਤੀਆਂ ਦਵਾਈਆਂ ਦੀ ਲੋੜ ਅਨੁਸਾਰ ਵਰਤੋਂ ਕਰੋ ।

**ਫਸਲ ਦਾ ਨਿਰੀਖਣ** : ਬੀਜ ਵਾਲੀ ਦੀ ਫਸਲ ਦਾ ਸਮੇਂ ਸਮੇ ਸਿਰ ਨਿਰੀਖਣ ਕਰਨਾ ਬਹੁਤ ਜ਼ਰੂਰੀ ਹੈ ਤਾਂ ਕਿ ਓਪਰੇ ਬੂਟੇ, ਨਦੀਨ ਅਤੇ ਦੂਜੀਆਂ ਫਸਲਾਂ ਦੇ ਬੂਟੇ ਕੱਢੇ ਜਾ ਸਕਣ । ਆਮ ਤੌਰ ਤੇ ਨਿਰੀਖਣ ਫਸਲ ਦੀ ਹੇਠ ਲਿਖੀਆਂ ਅਵਸਥਾਵਾਂ ਤੇ ਕੀਤਾ ਜਾਂਦਾ ਹੈ ।

1. ਫੁੱਲ ਆਉਣ ਤੋਂ ਪਹਿਲਾਂ
2. ਫੁੱਲ ਆਉਣ ਤੇ
3. ਫਸਲ ਪੱਕਣ ਤੇ

ਪਰ-ਪਰਾਗਣ ਵਾਲੀਆਂ ਫਸਲਾਂ ਵਿਚ ਫੁੱਲ ਆਉਣ ਤੋਂ ਪਹਿਲਾਂ ਨਿਰੀਖਣ ਬਹੁਤ ਜ਼ਰੂਰੀ ਹੈ ਤਾਂ ਜੋ ਜੈਵਿਕ ਸ਼ੁੱਧਤਾ ਤੇ ਅਸਰ ਨੇ ਪਏ । ਜਿਹੜੇ ਬੂਟੇ ਕੱਦ ਕਾਠ, ਪੱਤਿਆਂ ਦੇ ਰੰਗ, ਆਕਾਰ ਅਤੇ ਦਿਸ਼ਾ ਵਿਚ ਬਾਕੀ ਫਸਲ ਤੋਂ ਅਲੱਗ ਲੱਗਣ, ਉਹਨਾਂ ਨੂੰ ਕੱਢ ਦਿਓ । ਫੁੱਲ ਆਉਣ ਤੇ ਉਹ ਸਾਰੇ ਓਪਰੇ ਬੂਟੇ ਜਿਹੜੇ ਪਹਿਲਾਂ ਨਹੀਂ ਕੱਢੇ ਜਾ ਸਕੇ, ਕੱਢ ਦਿਓ । ਦੋਗਲੀਆਂ ਕਿਸਮਾਂ ਵਿਚ ਜਿੱਥੇ ਪਰਾਗਣ ਰਹਿਤ (ਖੱਸੀ) ਮਾਦਾ ਲਾਈਨ ਇਸਤੇਮਾਲ ਕੀਤੀ ਜਾਂਦੀ ਹੈ, ਉੱਥੇ ਧਿਆਨ ਰੱਖੋ ਕਿ ਕੋਈ ਵੀ ਪਰਾਗ ਕਣ ਵਾਲਾ ਬੂਟਾ ਹੈ ਤਾਂ ਉਸ ਨੂੰ ਪੁੱਟ ਦਿਓ ।

ਫਸਲ ਪੱਕਣ ਤੇ ਵੀ ਜੇ ਕੋਈ ਓਪਰਾ ਬੂਟਾ ਹੋਵੇ ਤਾਂ ਕੱਢ ਦਿਓ । ਇਸ ਤੋਂ ਇਲਾਵਾ ਬਿਮਾਰੀ ਵਾਲੇ ਬੂਟੇ ਅਤੇ ਨਦੀਨ ਵੀ ਸਮੇਂ-ਸਮੇਂ ਸਿਰ ਕੱਢਦੇ ਰਹੋ ।

**ਫਸਲ ਦੀ ਵਾਢੀ** : ਵਧੇਰੇ ਝਾੜ ਅਤੇ ਉੱਨਤ ਬੀਜ ਲੈਣ ਲਈ ਇਹ ਬਹੁਤ ਜ਼ਰੂਰੀ ਹੈ ਕਿ ਫਸਲ ਵੀ ਵਾਢੀ ਸਹੀ ਸਮੇਂ ਤੇ ਹੀ ਕੀਤੀ ਜਾਵੇ । ਵਾਢੀ ਤੋਂ ਬਾਅਦ ਫਸਲ ਨੂੰ ਹਮੇਸ਼ਾ ਹੀ ਤਰਪਾਲ ਜਾਂ ਪੱਕੇ ਫਸਲ ਤੇ ਹੀ ਝਾੜੋ । ਧਿਆਨ ਰੱਖੋ ਕਿ ਦੋ ਕਿਸਮਾਂ ਦਾ ਬੀਜ ਹਮੇਸ਼ਾ ਅਲੱਗ ਅਲੱਗ ਥਾਂ ਤੇ ਝਾੜੋ ਤਾਂ ਕਿ ਬੀਜ ਮਿਕਸ ਨਾ ਹੋ ਜਾਵੇ ।

**ਬੀਜ ਨੂੰ ਸੁਕਾਉਣਾ** : ਝਾੜਨ ਮੌਕੇ ਬੀਜ ਵਿਚ ਨਮੀ ਜ਼ਿਆਦਾ ਹੁੰਦੀ ਹੈ । ਇਸ ਲਈ ਬੀਜ ਨੂੰ ਪੈਕ ਕਰਨ ਤੋਂ ਪਹਿਲਾਂ ਇਸ ਨੂੰ ਸੁਕਾਉਣ ਬਹੁਤ ਜ਼ਰੂਰੀ ਹੈ । ਆਮ ਤੌਰ ਤੇ ਬੀਜ ਪੈਕ ਕਰਨ ਵੇਲੇ ਇਸ ਵਿਚ ਨਮੀਂ ਦੀ ਮਾਤਰਾ 12 ਪ੍ਰਤੀਸ਼ਤ ਤੋਂ ਘੱਟ ਹੋਣੀ ਚਾਹੀਦੀ ਹੈ । ਬੀਜ ਨੂੰ ਹਮੇਸ਼ਾ ਪੱਕੇ ਫਰਸ਼ ਤੇ ਹੀ ਸੁਕਾਓ । ਬੀਜ ਨੂੰ ਸਟੋਰ ਕਰਨ ਸਮੇਂ ਵੱਖ ਵੱਖ ਫਸਲਾਂ ਦੇ ਬੀਜਾਂ ਵਿਚ ਨਮੀ ਦੀ ਵੱਧ ਤੋਂ ਵੱਧ ਮਾਤਰਾ ਹੇਠ ਲਿਖੇ ਅਨੁਸਾਰ ਹੋਣੀ ਚਾਹੀਦੀ ਹੈ :

| ਫਸਲ | ਵੱਧ ਤੋਂ ਵੱਧ ਨਮੀਂ ਦੀ ਮਾਤਰਾ (%) |
|---|---|
| ਝੋਨਾ | 13 |
| ਕਣਕ, ਜੌਂ, ਮੱਕੀ, ਬਾਜਰਾ, ਸੋਇਆਬੀਨ | 12 |
| ਅਰਹਰ, ਕਪਾਹ, ਬਰਸੀਮ, ਮੂੰਗੀ, ਮਾਂਹ, ਛੋਲੇ | 10 |
| ਮਸਰ, ਮੂੰਗਫਲੀ | |
| ਅਲਸੀ, ਸੂਰਜਮੁਖੀ, ਗੁਆਰਾ | 9 |
| ਸਰ੍ਹੋਂ | 8 |

**ਬੀਜ ਦੀ ਸਾਫ ਸਫਾਈ ਅਤੇ ਗ੍ਰੇਡਿੰਗ** : ਬੀਜ ਵਿਚ ਫਸਲ ਨੂੰ ਵਢਾਈ ਅਤੇ ਗਹਾਈ ਤੋਂ ਬਾਅਦ ਛੱਟ-ਛਾਣ ਕੇ ਸਾਫ ਕੀਤਾ ਜਾਂਦਾ ਹੈ ਤਾਂ ਜੋ ਮਿੱਟੀ, ਧੂੜ, ਟੁੱਟੇ ਅਤੇ ਮੁਰਝਾਏ ਦਾਣੇ ਵੱਖ ਕੀਤੇ ਜਾ ਸਕਣ । ਬੀਜ ਦੀ ਸਾਫ ਸਫਾਈ ਤੋਂ ਬਾਅਦ ਇਸ ਨੂੰ ਗਰੇਡ ਕੀਤਾ ਜਾਂਦਾ ਹੈ ਤਾਂ ਕਿ ਭਾਰ ਦੇ ਅਧਾਰ ਤੇ ਹਲਕੇ ਦਾਣੇ ਵੱਖ ਕੀਤੇ ਜਾ ਸਕਣ । ਇਸ ਤੋਂ ਬਾਅਦ ਇਹਨਾਂ ਬੀਜਾਂ ਦੀ ਸਰਕਾਰੀ ਬੀਜ ਪਰਖ ਲੈਬਾਰਟਰੀ ਵਿਚੋਂ ਸ਼ੁੱਧਤਾ ਅਤੇ ਉੱਗਣ ਸ਼ਕਤੀ ਦੀ ਪਰਖ ਕਰਵਾਈ ਜਾਂਦੀ ਹੈ ਅਤੇ ਨਿਰਧਾਰਿਤ ਮਿਆਰਾਂ ਵਾਲੇ ਬੀਜਾਂ ਨੂੰ ਬੀਜ ਵਾਲੇ ਥੈਲਿਆਂ ਵਿਚ ਪੈਕ ਕਰ ਦਿੱਤਾ ਜਾਂਦਾ ਹੈ । ਬੀਜ ਵਾਲੇ ਥੈਲਿਆਂ ਉੱਪਰ ਬੀਜ ਦੀ ਸ਼੍ਰੇਣੀ, ਫਸਲ ਅਤੇ ਕਿਸਮ ਦਾ ਨਾਮ, ਪੈਕਿੰਗ ਦੀ ਮਿਤੀ, ਘੱਟੋ-ਘੱਟ ਉੱਗਣ ਸਮਰੱਥਾ ਆਦਿਕ ਜਾਣਕਾਰੀ ਦਿੱਤੀ ਜਾਂਦੀ ਹੈ ।

**ਬੀਜ ਦੀ ਪੈਕਿੰਗ** : ਬੀਜ ਹਮੇਸ਼ਾਂ ਹੀ ਸਹੀ ਤਰੀਕੇ ਨਾਲ ਪੈਕ ਕੀਤਾ ਅਤੇ ਲੇਬਲ ਲੱਗਿਆ ਹੋਣਾ ਚਾਹੀਦਾ ਹੈ । ਬੀਜ ਨੂੰ ਸੁਕਾ ਕੇ ਨਵੀਆਂ ਬੋਰੀਆਂ ਜਾਂ ਥੈਲੀਆਂ ਵਿਚ ਪਾਓ । ਜੇ ਪੁਰਾਣੀਆਂ ਥੈਲੀਆਂ ਵਰਤ ਰਹੇ ਹੋ ਤਾਂ ਇਹਨਾਂ ਨੂੰ ਪਹਿਲਾਂ 0.2 ਪ੍ਰਤੀਸ਼ਤ ਮੈਲਾਥਿਅਨ ਦੇ ਘੋਲ ਵਿਚ ਡੁਬੋ ਕੇ ਅਤੇ ਸੁਕਾ ਕੇ ਇਹਨਾਂ ਵਿੱਚ ਬੀਜ ਪਾਓ । ਹਰ ਥੈਲੀ ਤੇ ਸਹੀ ਲੇਬਲ ਲੱਗਿਆ ਹੋਵੇ । ਲੇਬਲ ਉੱਤੇ ਕਿਸਮ ਦਾ ਨਾਂ ਆਦਿ ਸਹੀ ਹੋਵੇ ਤਾਂ ਜੋ ਦੋ ਕਿਸਮਾਂ ਮਿਕਸ ਨਾ ਹੋਣ । ਬੀਜ ਸਾਂਭਣ ਲਈ ਵਰਤਿਆ ਗਿਆ ਗੋਦਾਮ ਸਾਫ-ਸੁਥਰਾ ਅਤੇ ਠੰਡਾ ਹੋਵੇ ਅਤੇ ਗੋਦਾਮ ਵਿਚ ਮੈਲਾਥਿਆਨ ਦਾ ਛਿੜਕਾਅ ਕੀਤਾ ਹੋਵੇ ।

**ਬੀਜ ਦੀ ਪਰਖ** : ਬਿਜਾਈ ਤੋਂ ਪਹਿਲਾ ਬੀਜ ਦੀ ਉੱਗਣ ਸ਼ਕਤੀ ਦੀ ਪਰਖ ਕਰ ਲੈਣੀ ਚਾਹੀਦੀ ਹੈ । ਇਸ ਲਈ ਅਸਾਨ ਤਰੀਕਾ ਇਹ ਹੈ ਕਿ ਦੋ ਸਾਫ ਸੁਥਰੀਆਂ ਜੂਟ ਦੀਆਂ ਬੋਰੀਆਂ ਨੂੰ ਤਾਜੇ ਸਾਫ ਪਾਣੀ ਵਿਚ ਭਿਓਂ ਲਵੋ । ਇੱਕ ਬੋਰੀ ਨੂੰ ਸਾਫ ਸੁਥਰੇ ਫਰਸ਼ ਜਾਂ ਤਰਪਾਲ ਉੱਪਰ ਛਾਂ ਵਾਲੀ ਲਵੋ । ਇਸ ਬੋਰੀ ਉੱਪਰ 100 ਜਾਂ 200 ਬੀਜ ਗਿਣ ਕੇ ਇਕੱਲੇ ਇਕੱਲੇ ਇੱਕੋ ਜਿਹੀ ਦੂਰੀ ਦੇ ਰੱਖੋ । ਇਨ੍ਹਾਂ ਬੀਜਾਂ ਨੂੰ ਦੂਸਰੀ ਬੋਰੀ ਨਾਲ ਢੱਕ ਦਿਓ ਅਤੇ ਇਸ ਨੂੰ ਲੋੜ ਅਨੁਸਾਰ ਪਾਣੀ ਛਿੜਕਾ ਕੇ ਗਿੱਲਾ ਰੱਖੋ । 7-10 ਦਿਨਾਂ ਬਾਅਦ ਉੱਪਰਲੀ ਬੋਰੀ ਨੂੰ ਹਟਾ ਕੇ ਉੱਗੇ ਹੋਏ ਬੀਜਾਂ ਨੂੰ ਗਿਣ ਲਵੋ । ਵੱਖ-ਵੱਖ ਫਸਲਾਂ ਵਿਚ ਘੱਟੋ ਘੱਟ ਲੋੜੀਂਦੀ ਉੱਗਣ ਸ਼ਕਤੀ ਹੇਠ ਲਿਖੇ ਅਨੁਸਾਰ ਹੈ :

| ਫਸਲ | ਘੱਟੋ ਘੱਟ ਲੋੜੀਂਦੀ ਉੱਗਣ ਸ਼ਕਤੀ (%) |
|---|---|
| ਮੱਕੀ, ਦੋਗਲੀ ਮੱਕੀ | 90 |
| ਕਣਕ, ਜੌਂ, ਛੋਲੇ ਅਤੇ ਸਰ੍ਹੋਂ | 85 |
| ਝੋਨਾ, ਬਰਸੀਮ ਅਤੇ ਅਲਸੀ | 80 |
| ਮਸਰ, ਮੂੰਗੀ, ਮਾਂਹ, ਬਾਜਰਾ | 75 |
| ਸੂਰਜਮੁਖੀ, ਮੂੰਗਫਲੀ, ਸੋਇਆਬੀਨ, ਗੁਆਰਾ | 70 |
| ਕਪਾਹ | 65 |
| ਗਿੰਨੀ ਘਾਹ | 20 |


ਇਸ ਤਰੀਕੇ ਨਾਲ ਤਿਆਰ ਕੀਤਾ ਬੀਜ ਨਾ ਕੇਵਲ ਮਿਆਰੀ ਬੀਜ ਦੀ ਘਾਟ ਨੂੰ ਪੂਰਾ ਕਰ ਸਕਦਾ ਹੈ ਸਗੋਂ ਬੀਜ ਉਤਪਾਦਨ ਨੂੰ ਇੱਕ ਕਿੱਤੇ ਵਜੋਂ ਅਪਣਾ ਕੇ ਕਿਸਾਨ ਵਧੇਰੇ ਆਮਦਨ ਪ੍ਰਾਪਤ ਕਰ ਸਕਦੇ ਹਨ ।

# ਅਮਰੀਕੀ ਟੈਰਿਫ਼ ਵਿੱਚ ਵਾਧੇ ਨਾਲ ਪ੍ਰਭਾਵਿਤ ਹੋਵੇਗੀ ਭਾਰਤੀ ਆਰਥਿਕਤਾ

20 ਜਨਵਰੀ 2025 ਨੂੰ ਜਦੋਂ ਟਰੰਪ ਨੇ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਉਪਰੰਤ ਆਪਣਾ ਪਹਿਲਾ ਭਾਸ਼ਣ ਦਿੱਤਾ ਤਾਂ ਦੁਨੀਆ ਦੇ ਨੀਤੀਵਾਨ ਹੈਰਾਨ ਹੋ ਗਏ ਸਨ, ਕਿਉਂਕਿ ਦੁਨੀਆ ਦੇ ਸਭ ਤੋਂ ਤਾਕਤਵਰ ਦੇਸ਼ ਦੇ ਕਿਸੇ ਵੀ ਰਾਸ਼ਟਰਪਤੀ ਨੇ ਅਜਿਹਾ ਭੜਕਾਊ ਭਾਸ਼ਨ ਪਹਿਲਾਂ ਕਦੇ ਨਹੀਂ ਦਿੱਤਾ ਸੀ। ਭਾਵੇਂ ਟਰੰਪ ਵਲੋਂ ਅਮਰੀਕਾ 'ਫਸਟ' ਕਹਿਣਾ ਅਣਉੱਚਿਤ ਨਹੀਂ, ਕਿਉਂਕਿ ਹਰ ਦੇਸ਼ ਦਾ ਨੇਤਾ ਆਪਣੇ ਦੇਸ਼ ਦੇ ਹਿੱਤਾਂ ਨੂੰ ਹੀ ਪਹਿਲ ਦਿੰਦਾ ਹੈ, ਪਰ ਆਪਣੇ ਭਾਸ਼ਨਾਂ ਦੌਰਾਨ ਨੀਤੀ ਨੂੰ ਵਾਰ-ਵਾਰ ਬਦਲਣਾ ਅਤੇ ਸਿੱਧੇ ਤੌਰ ਕਿਸੇ ਖਾਸ ਦੇਸ਼ ਦਾ ਨਾਂਅ ਲੈਣਾ ਠੀਕ ਨਹੀਂ। ਟਰੰਪ ਨੇ ਜਿਸ ਤਰ੍ਹਾਂ ਪਿਛਲੇ ਦਿਨੀਂ ਭਾਰਤ ਤੇ ਰੂਸ ਦੀ ਆਰਥਿਕਤਾ ਨੂੰ ਮਰੀ ਹੋਈ ਆਰਥਿਕਤਾ ਕਿਹਾ ਹੈ, ਇਹ ਇੱਕ ਵੱਡੇ ਦੇਸ਼ ਦੇ ਨੇਤਾ ਦੇ ਪੱਧਰ ਦੀ ਗੱਲ ਨਹੀਂ ਹੈ। ਉਨ੍ਹਾਂ ਵਲੋਂ ਵੱਖ-ਵੱਖ ਦੇਸ਼ਾਂ ਨਾਲ ਅੰਤਰਰਾਸ਼ਟਰੀ ਵਪਾਰ ਨੂੰ ਪ੍ਰਭਾਵਿਤ ਕਰਨ ਲਈ ਆਯਾਤ ਤੇ ਨਿਰਯਾਤ ਵਿੱਚ ਤਬਦੀਲੀ ਕਰਨ ਲਈ ਆਯਾਤ ਦਰਾਂ ਵਿੱਚ ਵਾਧਾ ਕਰ ਕੇਉਨ੍ਹਾਂ ਵਲੋਂ ਅਮਰੀਕਾ ਦੇ ਅਸੰਤੁਲਿਤ ਭੁਗਤਾਨ ਨੂੰ ਬਰਾਬਰ ਕਰਨਾ ਸਹੀ ਹੋ ਸਕਦਾ ਹੈ, ਪਰ ਇਸ ਦੇ ਉਸਾਰੂ ਪੱਖਾਂ ਤੋਂ ਇਲਾਵਾ ਬੁਰੇ ਪ੍ਰਭਾਵ ਪੈਣ ਦਾ ਸਭ ਤੋਂ ਵੱਡਾ ਬੋਝ ਵੀ ਅਮਰੀਕੀ ਖਪਤਕਾਰਾਂ 'ਤੇ ਪਵੇਗਾ।

ਟਰੰਪ ਨੇ ਸਹੁੰ ਚੁੱਕਣ ਤੋਂ ਬਾਅਦ ਵੱਖ-ਵੱਖ ਦੇਸ਼ਾਂ ਲਈ ਆਯਾਤ ਡਿਊਟੀ ਵਿੱਚ ਵਾਧਾ ਕਰਨ ਦਾ ਐਲਾਨ ਕੀਤਾ ਸੀ ਅਤੇ 2 ਅਪ੍ਰੈਲ ਨੂੰ ਭਾਰਤ ਤੋਂ ਆਯਾਤ ਹੋਣ ਵਾਲੀਆਂ ਵਸਤੂਆਂ 'ਤੇ 25 ਫ਼ੀਸਦੀ ਟੈਰਿਫ਼ ਵਾਧਾ ਕਰਨ ਦਾ ਐਲਾਨ ਕਰਦਿਆਂ ਇਸ ਨੂੰ 90 ਦਿਨਾਂ ਲਈ ਅੱਗੇ ਪਾ ਦਿੱਤਾ ਸੀ। ਫਿਰ 20 ਜੁਲਾਈ ਨੂੰ ਐਲਾਨ ਕੀਤਾ ਕਿ ਅਮਰੀਕੀ ਵਪਾਰੀ ਜਿਹੜੀਆਂ ਵੀ ਵਸਤੂਆਂ ਭਾਰਤ ਤੋਂ ਆਯਾਤ ਕਰਦੇ ਹਨ, ਉਨ੍ਹਾਂ 'ਤੇ 25 ਫ਼ੀਸਦੀ ਆਯਾਤ ਡਿਊਟੀ ਦੇਣੀ ਹੋਵੇਗੀ (ਪਰ ਭਾਰਤ ਦੇ ਰੂਸ ਤੋਂ ਤੇਲ ਖ਼ਰੀਦਣ ਤੋਂ ਨਾਰਾਜ਼ ਟਰੰਪ ਨੇ 6 ਅਗਸਤ ਨੂੰ ਭਾਰਤ ਤੋਂ ਹੋਣ ਵਾਲੀਆਂ ਨਿਰਯਾਤ ਵਸਤੂਆਂ 'ਤੇ ਟੈਰਿਫ਼ ਵਧਾ ਕੇ 50 ਫ਼ੀਸਦੀ ਕਰ ਦਿੱਤਾ ਹੈ)। ਇਹ ਡਿਊਟੀ ਭਾਵੇਂ ਅਮਰੀਕੀ ਵਪਾਰੀ ਜਾਂ ਭਾਰਤੀ ਵਪਾਰੀ ਦੇਣ, ਪਰ ਇਸ ਟੈਕਸ ਨਾਲ ਅਮਰੀਕਾ ਸਰਕਾਰ ਨੂੰ ਆਮਦਨ ਹੋਵੇਗੀ। ਦਰਅਸਲ ਅੰਤਰਰਾਸ਼ਟਰੀ ਵਪਾਰ ਵਿੱਚ ਸਰਕਾਰਾਂ ਦਾ ਮੁੱਖ ਉਦੇਸ਼ ਆਯਾਤ ਟੈਕਸ ਨਾਲ ਆਮਦਨ ਵਧਾਉਣਾ ਨਹੀਂ, ਸਗੋਂ ਦੇਸ਼ ਦੇ ਆਯਾਤ ਨੂੰ ਘਟਾ ਕੇ ਆਪਣੇ ਦੇਸ਼ ਦੇ ਕਿਰਤੀਆਂ ਦੇ ਰੁਜ਼ਗਾਰ ਨੂੰ ਪ੍ਰਭਾਵਿਤ ਹੋਣ ਤੋਂ ਬਚਾਉਣਾ ਹੁੰਦਾ ਹੈ ਤਾਂ ਕਿ ਲੋਕਾਂ ਨੂੰ ਆਪਣੇ ਦੇਸ਼ ਦੀਆਂ ਵਸਤੂਆਂ ਨੂੰ ਖਰੀਦਣ ਲਈ ਉਤਸ਼ਾਹਿਤ ਕੀਤਾ ਜਾ ਸਕੇ। ਪਰ ਜਿਹੜੀਆਂ ਵਸਤੂਆਂ ਦੇਸ਼ ਵਿੱਚ ਨਾ ਮਿਲਦੀਆਂ ਹੋਣ ਤਾਂ ਨਿਰਯਾਤ ਕਰਨ ਵਾਲੇ ਦੇਸ਼ ਉਸ ਵਸਤੂ ਦੀ ਕੀਮਤ ਵਿੱਚ ਬਹੁਤ ਵਾਧਾ ਨਹੀਂ ਕਰ ਸਕਦੇ ਹਨ, ਕਿਉਂਕਿ ਵਧੀ ਹੋਈ ਆਯਾਤ ਡਿਊਟੀ ਆਯਾਤ ਕਰਨ ਵਾਲੇ ਦੇਸ਼ ਦੇ ਖਰੀਦਦਾਰਾਂ 'ਤੇ ਹੀ ਪੈਂਦੀ ਹੈ।

ਅਮਰੀਕਾ, ਭਾਰਤ ਤੋਂ ਇੰਜੀਨੀਅਰਿੰਗ, ਬਿਜਲੀ ਉਪਕਰਨ, ਹੀਰੇ, ਮੋਤੀ, ਗਹਿਣੇ, ਖੇਤੀ ਵਸਤੂਆਂ, ਡੇਅਰੀ ਤੇ ਮੱਛੀ ਆਦਿ ਖਰੀਦਦਾ ਹੈ। ਅਮਰੀਕਾ ਵਲੋਂ ਦਬਾਅ ਪਾਇਆ ਜਾਂਦਾ ਹੈ ਕਿ ਭਾਰਤ ਉਸ ਨੂੰ ਭੇਜਣ ਵਾਲੀਆਂ ਖੇਤੀ ਵਸਤੂਆਂ, ਡੇਅਰੀ ਅਤੇ ਮੱਛੀ ਤੇ ਕੋਈ ਟੈਕਸ ਨਾ ਲਾਏ ਅਤੇ ਅਮਰੀਕਾ ਵਲੋਂ ਭੇਜੀਆਂ ਜਾਣ ਵਾਲੀਆਂ ਖੇਤੀ ਵਸਤੂਆਂ 'ਤੇ ਕੋਈ ਟੈਕਸ ਨਾ ਹੋਣ ਕਰਕੇ ਉਹ ਭਾਰਤ ਵਿੱਚ ਸਸਤੀਆਂ ਹੋਣ ਕਰਕੇ ਜ਼ਿਆਦਾ ਵਿਕਣਗੀਆਂ। ਇਹ ਗੱਲ ਭਾਰਤ ਦੇ ਕਿਸਾਨਾਂ ਦੇ ਹੱਕ ਵਿੱਚ ਨਹੀਂ ਹੈ। ਵਪਾਰ ਮੰਤਰੀ ਪਿਊਸ਼ ਗੋਇਲ ਦਾ ਇਹ ਕਹਿਣਾ ਬਿਲਕੁਲ ਦਰੁਸਤ ਹੈ ਕਿ ਅਮਰੀਕੀ ਨੀਤੀ ਤੋਂ ਬਾਅਦ ਭਾਰਤ ਨੂੰ ਆਪਣੇ ਹਿਤਾਂ ਦਾ ਵੀ ਖਿਆਲ ਰੱਖਣਾ ਪਵੇਗਾ। ਅਸਲ ਵਿੱਚ ਭਾਰਤ ਦਾ ਵਸਤੂਆਂ ਦੇ ਵਪਾਰ ਦਾ ਸੰਤੁਲਨ ਅਮਰੀਕਾ ਦੇ ਹੱਕ ਵਿੱਚ ਰਿਹਾ ਹੈ, ਪਰ ਪਿਛਲੇ ਤਿੰਨ ਸਾਲਾਂ ਤੋਂ ਭਾਰਤ ਦੀਆਂ ਜ਼ਿਆਦਾ ਵਸਤੂਆਂ ਵਿਕਣ ਅਤੇ ਅਮਰੀਕਾ ਤੋਂ ਆਯਾਤ ਘਟਣ ਕਰਕੇ, ਭਾਰਤ ਦਾ ਵਪਾਰ ਸੰਤੁਲਨ ਅਮਰੀਕਾ


ਡਾ. ਸ. ਸ. ਛੀਨਾ

ਦੇ ਖਿਲਾਫ਼ ਰਿਹਾ ਹੈ। ਹਾਲਾਂਕਿ ਅਮਰੀਕੀ ਡਿਜੀਟਲ ਸੇਵਾਵਾਂ ਤੇ ਵਿੱਤੀ ਕਾਰਵਾਈਆਂ ਕਰਕੇ ਅਮਰੀਕਾ ਦਾ ਭੁਗਤਾਨ ਭਾਰਤ ਦੇ ਹੱਕ ਵਿੱਚ ਨਹੀਂ ਸੀ। ਜਦਕਿ ਅਮਰੀਕਾ ਦਾ ਚੀਨ ਵੱਲ ਭੁਗਤਾਨ ਸੰਤੁਲਨ ਕਈ ਸਾਲਾਂ ਤੋਂ ਉਸ ਦੇ ਖਿਲਾਫ਼ ਹੋਣ ਕਰਕੇ ਅਮਰੀਕਾ ਦੇ ਰੁਜ਼ਗਾਰ 'ਤੇ ਬੁਰਾ ਪ੍ਰਭਾਵ ਪੈਣ ਕਰਕੇ ਅਮਰੀਕਾ ਨੇ ਭਾਰਤ ਤੇ ਚੀਨ ਤੋਂ ਆਉਣ ਵਾਲੀਆਂ ਵਸਤੂਆਂ 'ਤੇ ਜ਼ਿਆਦਾ ਟੈਰਿਫ਼ ਲਾਉਣ ਦਾ ਐਲਾਨ ਕੀਤਾ ਹੈ।

ਭਾਰਤ ਦਾ ਅਮਰੀਕਾ ਨਾਲ ਵਪਾਰ ਸਾਰੀ ਦੁਨੀਆ ਦੇ ਦੇਸ਼ਾਂ ਤੋਂ ਜ਼ਿਆਦਾ ਹੈ। 2024 ਵਿੱਚ ਇਹ ਵਪਾਰ ਵਧਦਾ ਹੋਇਆ 118.2 ਅਰਬ ਡਾਲਰ ਹੋ ਗਿਆ ਸੀ, ਜੋ ਅਮਰੀਕਾ ਤੋਂ 36.8 ਅਰਬ ਡਾਲਰ ਵੱਧ ਸੀ। ਅਮਰੀਕਾ ਨੇ ਭਾਰਤ ਤੋਂ ਇਲਾਵਾ ਮਿਆਂਮਾਰ (ਬਰਮਾ) 'ਤੇ 40 ਫ਼ੀਸਦੀ ਵੀਅਤਨਾਮ 'ਤੇ 35 ਫ਼ੀਸਦੀ, ਪਾਕਿਸਤਾਨ 'ਤੇ 19 ਫ਼ੀਸਦੀ ਅਤੇ ਯੂਰਪੀਅਨ ਯੂਨੀਅਨ ਦੇ 27 ਦੇਸ਼ਾਂ 'ਤੇ 15 ਫ਼ੀਸਦੀ ਟੈਰਿਫ਼ ਵਾਧਾ ਕੀਤਾ ਹੈ, ਜਦਕਿ ਇੰਗਲੈਂਡ 'ਤੇ 10 ਫ਼ੀਸਦੀ ਤੇ ਜਾਪਾਨ 'ਤੇ 15 ਫ਼ੀਸਦੀ ਟੈਰਿਫ਼ ਵਧਾਇਆ ਹੈ। ਭਾਰਤ ਤੋਂ ਜਹਾਜ਼ਾਂ ਵਿੱਚ 7 ਅਗਸਤ ਤੱਕ ਲੱਦੀਆਂ ਗਈਆਂ ਵਸਤੂਆਂ ਜੋ 5 ਅਕਤੂਬਰ ਤੱਕ ਆਪਣੀ ਮੰਜ਼ਿਲ ਤੱਕ ਪਹੁੰਚ ਜਾਂਦੀਆਂ ਹਨ ਤਾਂ ਉਨ੍ਹਾਂ 'ਤੇ ਟੈਰਿਫ਼ ਵਾਧੇ ਦਾ ਪ੍ਰਭਾਵ ਨਹੀਂ ਪਵੇਗਾ। ਅਮਰੀਕਾ ਨੇ ਆਯਾਤ ਦਰਾਂ ਵਿੱਚ ਰਿਆਇਤ ਲੈਣ ਲਈ ਚਾਰ ਸ਼ਰਤਾਂ ਰੱਖੀਆਂ ਹਨ- ਪਹਿਲੀ ਸੰਬੰਧਿਤ ਦੇਸ਼ ਅਮਰੀਕਾ ਤੋਂ ਨਿਰਯਾਤ ਹੋਣ ਵਾਲੀਆਂ ਕੁਝ ਵਸਤੂਆਂ 'ਤੇ ਸਿਫਰ ਆਯਾਤ ਡਿਊਟੀ ਲਗਾਏ, ਦੂਸਰੀ ਉਨ੍ਹਾਂ ਦੇਸ਼ਾਂ ਨੂੰ 15 ਤੋਂ 25 ਫ਼ੀਸਦੀ ਦੇ ਵਿੱਚ ਡਿਊਟੀ ਪ੍ਰਵਾਨ ਕਰਨੀ ਹੋਵੇਗੀ। ਤੀਸਰੀ ਇਹ ਦੇਸ਼ ਅਮਰੀਕਾ ਤੋਂ ਹਵਾਈ ਜਹਾਜ਼ ਅਤੇ ਊਰਜਾ ਨਾਲ ਸੰਬਧਿਤ ਵਸਤੂਆਂ ਖਰੀਦਣ, ਚੌਥੀ ਇਹ ਦੇਸ਼ ਅਮਰੀਕਾ ਵਿੱਚ ਨਿਵੇਸ਼ ਕਰਨਗੇ। ਯੂਰਪੀਅਨ ਯੂਨੀਅਨ, ਵੀਅਤਨਾਮ, ਇੰਡੋਨੇਸ਼ੀਆ ਅਤੇ ਜਾਪਾਨ ਨੇ ਅਮਰੀਕਾ ਵਲੋਂ ਲਾਈਆਂ ਇਹ ਚਾਰੇ ਸ਼ਰਤਾਂ ਮੰਨ ਲਈਆਂ ਹਨ।

ਪਰ ਭਾਰਤ ਵਾਸਤੇ ਇਨ੍ਹਾਂ ਸ਼ਬਦਾਂ ਵਿੱਚੋਂ ਨਿਵੇਸ਼ ਕਰਨ ਵਾਲੀ ਸ਼ਰਤ ਨਾ ਮੰਨਣਯੋਗ ਹੈ, ਕਿਉਂਕਿ ਅਮਰੀਕਾ ਤਾਂ ਭਾਰਤ ਵਿੱਚ ਸਿੱਧਾ ਵਿਦੇਸ਼ੀ ਨਿਵੇਸ਼ ਕਰਨ ਵਾਲਾ ਮਹੱਤਵਪੂਰਨ ਦੇਸ਼ ਹੈ, ਜਿਸ ਨੇ ਅਪ੍ਰੈਲ 2010 ਤੋਂ ਸਤੰਬਰ 2024 ਤੱਕ ਭਾਰਤ ਵਿੱਚ ਕੁੱਲ 67.76 ਅਰਬ ਡਾਲਰ ਦਾ ਸਿੱਧਾ ਵਿਦੇਸ਼ੀ ਨਿਵੇਸ਼ ਹੋਇਆ ਹੈ। ਭਾਰਤ ਤਾਂ ਅਮਰੀਕਾ ਵਿਚ 50 ਅਰਬ ਡਾਲਰ ਦਾ ਨਿਵੇਸ਼ ਕਈ ਸਾਲਾਂ ਵਿੱਚ ਵੀ ਨਹੀਂ ਕਰ ਸਕਦਾ। ਹੁਣ ਜਦੋਂ ਭਾਰਤ ਦੇ ਨਿਰਯਾਤਕਾਰਾਂ ਨੂੰ 25 ਫ਼ੀਸਦੀ ਵੱਧ ਡਿਊਟੀ ਦੇਣੀ ਪਵੇਗੀ ਤਾਂ ਭਾਰਤੀ ਵਪਾਰੀ ਉਨ੍ਹਾਂ ਵਸਤੂਆਂ ਦੇ ਹੋਰ ਆਯਾਤ ਕਰਨ ਵਾਲੇ ਦੇਸ਼ਾਂ ਨਾਲ ਉਸ ਕੀਮਤ ਦਾ ਮੁਕਾਬਲਾ ਕਰਨਗੇ ਅਤੇ ਜੇ ਉਨ੍ਹਾਂ ਨੂੰ ਉਕਤ ਦੇਸ਼ਾਂ ਵਿੱਚ ਇਸ ਵਸਤੂ ਦੀ ਜ਼ਿਆਦਾ ਮੰਗ ਨਜ਼ਰ ਆਈ ਤਾਂ ਉਹ ਆਪਣੇ ਵਪਾਰ ਇਨ੍ਹਾਂ ਦੇਸ਼ਾਂ ਨਾਲ ਕਰਨ ਨੂੰ ਤਰਜੀਹ ਦੇਣਗੇ।

ਦੂਸਰੀ ਸਥਿਤੀ ਵਿੱਚ ਭਾਰਤ, ਅਮਰੀਕਾ ਦੇ ਵਪਾਰੀ 'ਤੇ ਇਹ ਬੋਝ ਪਾਏਗਾ ਤਾਂ ਉਸ ਵਸਤੂ ਦੀ ਕੀਮਤ ਅਮਰੀਕਾ ਵਿੱਚ ਵੱਧਣ ਨਾਲ ਉਸ ਦੀ ਮੰਗ ਘਟਣ 'ਤੇ ਅਮਰੀਕੀ ਵਪਾਰੀ ਭਾਰਤ ਤੋਂ ਸਾਮਾਨ ਨਹੀਂ ਖਰੀਦੇਗਾ। ਪਰ ਜੇ ਉਸ ਵਸਤੂ ਦੀ ਮੰਗ 2.5 ਫ਼ੀਸਦੀ (ਹੁਣ 50 ਫ਼ੀਸਦੀ) ਕੀਮਤ ਵੱਧਣ ਨਾਲ ਵੀ ਨਹੀਂ ਘਟਦੀ ਤਾਂ ਫਿਰ ਕੋਈ ਫਰਕ ਨਹੀਂ ਪਵੇਗਾ। ਅਮਰੀਕਾ ਦਾ ਭਾਰਤ ਵੱਲੋਂ ਰੂਸ ਤੋਂ ਤੇਲ ਖਰੀਦਣ ਬਾਰੇ ਜਿਹੜਾ ਇਤਰਾਜ਼ ਹੈ ਉਸ ਸੰਬੰਧੀ ਭਾਰਤ ਦਾ ਪੱਖ ਇਹ ਹੈ ਕਿ ਉਸ ਨੇ ਅੰਤਰਰਾਸ਼ਟਰੀ ਮੰਡੀ ਵਿੱਚ ਤੇਲ ਦੀ ਕੀਮਤ ਦਾ ਮੁਕਾਬਲਾ ਕਰਨਾ ਹੈ। ਭਾਰਤ ਈਰਾਨ ਤੋਂ ਵੀ ਆਪਣੀ ਕੁੱਲ 85 ਫ਼ੀਸਦੀ ਮੰਗ ਵਿੱਚੋਂ 30 ਫ਼ੀਸਦੀ ਤੇਲ ਖ਼ਰੀਦਦਾ ਹੈ, ਜਿਸ ਦੇ ਬਦਲੇ ਉਸ ਨੂੰ 'ਰੁਪਏ' ਕਰੰਸੀ ਵਿਚ ਭੁਗਤਾਨ ਕਰਨਾ ਪੈਂਦਾ ਹੈ ਅਤੇ ਈਰਾਨ ਉਸ ਰੁਪਏ ਨਾਲ ਭਾਰਤ ਤੋਂ ਵਸਤੂਆਂ ਖ਼ਰੀਦਦਾ ਹੈ।

ਟਰੰਪ ਵੱਲੋਂ ਖੁੱਲ੍ਹ ਕੇ ਭਾਰਤ ਤੇ ਰੂਸ ਦੀ ਆਰਥਿਕਤਾ ਨੂੰ ਮਰੀ ਹੋਈ ਆਰਥਿਕਤਾ ਦੱਸਣ ਦਾ ਕੀ ਅਰਥ ਹੈ, ਜਦੋਂ ਅੰਤਰਰਾਸ਼ਟਰੀ ਬਾਜ਼ਾਰ ਵਿਚ ਡਾਲਰ ਦੀ ਕੀਮਤ ਭਾਰਤੀ ਕਰੰਸੀ ਦੇ 88 ਰੁਪਏ ਬਰਾਬਰ ਪਹੁੰਚ ਗਈ ਹੋਵੇ ਅਤੇ ਅਜਿਹੇ ਵਿੱਚ ਭਾਰਤ ਨੂੰ ਜੇਕਰ ਸਸਤਾ ਤੇਲ ਮਿਲਦਾ ਹੋਵੇ ਤਾਂ ਉਸ ਨੇ ਆਪਣੇ ਹਿੱਤ ਵੇਖਣੇ ਹੀ ਹਨ। ਪਰ ਇਹ ਗੱਲ ਸਪਸ਼ਟ ਹੈ ਕਿ ਭਾਰਤ ਨੂੰ ਅਮਰੀਕਾ ਵੱਲੋਂ ਟੈਰਿਫ਼ ਵਧਾਉਣ ਨਾਲ ਭਾਰਤੀ ਅਰਥਵਿਵਸਥਾ 'ਤੇ ਪੈਣ ਵਾਲੇ ਪ੍ਰਭਾਵ ਨੂੰ ਬੇਅਸਰ ਕਰਨ ਲਈ ਇਸ ਦੇ ਬਦਲ ਲੱਭਣੇ ਪੈਣਗੇ।

# ਖੇਤੀਬਾੜੀ ਉਤਪਾਦਾਂ 'ਤੇ ਟਰੰਪ ਦਾ ਟੈਰਿਫ, ਭਾਰਤ ਦੇ ਖੇਤੀਬਾੜੀ ਸੁਧਾਰਾਂ ਲਈ ਚਿਤਾਵਨੀ




ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਵੱਲੋਂ ਭਾਰਤੀ ਖੇਤੀਬਾੜੀ ਉਤਪਾਦਾਂ 'ਤੇ 50 ਫ਼ੀਸਦੀ ਸਜ਼ਾਯੋਗ ਟੈਰਿਫ ਲਗਾਉਣਾ ਨਾ ਸਿਰਫ਼ ਇੱਕ ਕੂਟਨੀਤਕ ਝਟਕਾ ਹੈ, ਸਗੋਂ ਇਹ ਯਾਦ ਦਿਵਾਉਂਦਾ ਹੈ ਕਿ ਵਿਸ਼ਵਵਿਆਪੀ ਖੇਤੀਬਾੜੀ ਵਪਾਰ ਕਿੰਨਾ ਅਸਮਾਨ ਹੈ। ਵਾਸ਼ਿੰਗਟਨ ਦਲੀਲ ਦੇ ਰਿਹਾ ਹੈ ਕਿ ਭਾਰਤ ਨੇ 'ਪਰਸਪਰ ਪ੍ਰਭਾਵ' ਦੀ ਜ਼ਰੂਰਤ ਦਾ ਹਵਾਲਾ ਦਿੰਦੇ ਹੋਏ ਅਮਰੀਕੀ ਅਨਾਜ, ਡੇਅਰੀ, ਫਲ ਅਤੇ ਮੱਛੀ ਲਈ ਆਪਣੇ ਬਾਜ਼ਾਰ ਨਹੀਂ ਖੋਲ੍ਹੇ ਹਨ। ਅਸਲੀਅਤ ਵਿੱਚ ਇਹ ਅਮੀਰ ਦੇਸ਼ਾਂ ਦੀ ਇੱਕ ਪੁਰਾਣੀ ਰਣਨੀਤੀ ਹੈ ਕਿ ਆਪਣੇ ਭਾਰੀ ਸਬਸਿਡੀ ਵਾਲੇ ਸਰਪਲੱਸ ਖੇਤੀ ਉਤਪਾਦਾਂ ਲਈ ਦੁਨੀਆ ਦੇ ਵੱਖ-ਵੱਖ ਦੇਸ਼ਾਂ, ਖ਼ਾਸ ਕਰ ਕੇ ਵਿਕਾਸਸ਼ੀਲ ਦੇਸ਼ਾਂ ਵਿੱਚ ਬਾਜ਼ਾਰ ਤਿਆਰ ਕਰਨਾ ਅਤੇ ਕਿਸਾਨਾਂ ਨੂੰ ਆਪਣੇ ਖਰਚੀਲੇ ਸਰਕਾਰੀ ਸਹਾਰੇ ਨਾਲ ਸੁਰੱਖਿਅਤ ਰੱਖਣਾ।

ਭਾਰਤ ਦਾ ਅਮਰੀਕਾ ਲਈ ਅਨਾਜ ਡੇਅਰੀ ਆਦਿ ਵਰਗੇ ਖੇਤੀਬਾੜੀ ਉਤਪਾਦਾਂ ਲਈ ਬਾਜ਼ਾਰ ਨਾ ਖੋਲ੍ਹਣ ਦਾ ਰੁਖ਼ ਆਰਥਿਕ ਅਤੇ ਸਮਾਜਿਕ ਤੌਰ 'ਤੇ ਸਹੀ ਹੈ। ਖੇਤੀਬਾੜੀ ਦੇਸ਼ ਦੀ ਆਬਾਦੀ ਦੇ 46 ਫ਼ੀਸਦੀ ਨੂੰ ਰੋਜ਼ਗਾਰ ਪ੍ਰਦਾਨ ਕਰਦੀ ਹੈ, ਜਦੋਂ ਕਿ ਦੇਸ਼ ਦੇ ਜੀ. ਡੀ. ਪੀ. ਵਿੱਚ ਇਸ ਦਾ ਯੋਗਦਾਨ 20 ਫ਼ੀਸਦੀ ਤੋਂ ਘੱਟ ਹੈ। ਇਸ ਦਾ ਅਰਥ ਸਪੱਸ਼ਟ ਹੈ ਕਿ ਭਾਰਤ ਦੇ ਜ਼ਿਆਦਾਤਰ ਕਿਸਾਨ ਕਰਜ਼ੇ ਅਤੇ ਗਰੀਬੀ ਦੀ ਬੀਮਾਰੀ ਤੋਂ ਪੀੜਤ ਹਨ।

ਨੈਸ਼ਨਲ ਬੈਂਕ ਫਾਰ ਐਗਰੀਕਲਚਰਲ ਐਂਡ ਰੂਰਲ ਡਿਵੈਲਪਮੈਂਟ (ਨਾਬਾਰਡ) ਦੀ ਪੇਂਡੂ ਵਿੱਤੀ ਸਰਵੇਖਣ ਰਿਪੋਰਟ ਕਹਿੰਦੀ ਹੈ ਕਿ ਭਾਰਤ ਵਿੱਚ ਇੱਕ ਔਸਤ ਕਿਸਾਨ ਪਰਿਵਾਰ ਦੀ ਮਾਸਿਕ ਆਮਦਨ 13,661 ਰੁਪਏ ਹੈ, ਜਿਸ ਵਿੱਚ ਖੇਤੀਬਾੜੀ ਤੋਂ ਆਮਦਨ ਸਿਰਫ਼ 4,476 ਰੁਪਏ ਹੈ। ਕਿਸਾਨ ਪਰਿਵਾਰ ਦੀ ਬਾਕੀ ਆਮਦਨ ਮਜ਼ਦੂਰੀ ਜਾਂ ਛੋਟੇ ਕਾਰੋਬਾਰਾਂ ਤੋਂ ਆਉਂਦੀ ਹੈ। ਅਜਿਹੀ ਸਥਿਤੀ ਵਿੱਚ ਅਮਰੀਕਾ ਵਰਗੀ ਉੱਚ-ਤਕਨੀਕੀ, ਭਾਰੀ ਸਬਸਿਡੀ ਵਾਲੀ ਖੇਤੀਬਾੜੀ ਨਾਲ ਮੁਕਾਬਲਾ ਕਰਨਾ ਸਾਡੇ ਗਰੀਬ ਕਿਸਾਨਾਂ ਦੀ ਰੋਜ਼ੀ-ਰੋਟੀ ਖੋਹ ਸਕਦਾ ਹੈ।

**ਭੁਪਿੰਦਰ ਸਿੰਘ ਹੁੱਡਾ**
**ਸਾਬਕਾ ਮੁੱਖ ਮੰਤਰੀ, ਹਰਿਆਣਾ**

ਅਮਰੀਕਾ ਹਰ ਸਾਲ ਆਪਣੇ ਕਿਸਾਨਾਂ 'ਤੇ 48 ਬਿਲੀਅਨ ਡਾਲਰ ਤੋਂ ਵੱਧ ਖਰਚ ਕਰਦਾ ਹੈ। ਇਸ ਵਿੱਚ ਪ੍ਰੀਮੀਅਮ ਦੇ 60 ਫ਼ੀਸਦੀ ਤੱਕ ਦੀ ਫ਼ਸਲ ਬੀਮਾ ਸਬਸਿਡੀ, ਕੀਮਤ ਗਾਰੰਟੀ ਅਤੇ ਮਾਰਕੀਟਿੰਗ ਕਰਜ਼ਾ ਅਤੇ ਬਰਾਮਦ ਸਹਾਇਤਾ ਸ਼ਾਮਲ ਹੈ ਜੋ ਕਿ ਸਿਰਫ਼ 'ਵਿਕਾਸ ਸਹਾਇਤਾ' ਜਾਪਦੀ ਹੈ ਪਰ ਅਸਲ ਵਿੱਚ ਬਰਾਮਦ ਉਤਸ਼ਾਹ ਹੈ। ਇਸ ਕਾਰਨ ਅਮਰੀਕੀ ਕਿਸਾਨ ਕਣਕ, ਮੱਕੀ, ਦੁੱਧ ਵਰਗੇ ਉਤਪਾਦ ਲਾਗਤ ਤੋਂ ਘੱਟ ਕੀਮਤ 'ਤੇ ਵੇਚ ਸਕਦੇ ਹਨ ਅਤੇ ਫਿਰ ਵੀ ਨੁਕਸਾਨ ਨਹੀਂ ਉਠਾਉਂਦੇ।

ਇਸ ਦੇ ਮੁਕਾਬਲੇ ਵਿਸ਼ਵ ਵਪਾਰ ਕੇਂਦਰ ਨਾਲ ਰਜਿਸਟਰਡ ਭਾਰਤ ਦੀ ਖੇਤੀਬਾੜੀ ਸਹਾਇਤਾ ਉਤਪਾਦਨ ਮੁੱਲ ਦੇ 5 ਫ਼ੀਸਦੀ ਤੋਂ ਘੱਟ ਹੈ, ਜਦੋਂ ਕਿ ਅਮਰੀਕਾ ਵਰਗੇ ਵਿਕਾਸਸ਼ੀਲ ਦੇਸ਼ਾਂ ਲਈ ਹੱਦ 10 ਫ਼ੀਸਦੀ ਹੈ। ਇਹ ਸਪੱਸ਼ਟ ਹੈ ਕਿ ਇਹ ਕੋਈ ਮੁਕਾਬਲਾ ਨਹੀਂ ਹੈ ਸਗੋਂ ਵਿਕਸਤ ਦੇਸ਼ਾਂ ਦੀ ਵਿਕਾਸਸ਼ੀਲ ਦੇਸ਼ਾਂ ਵਿਰੁੱਧ ਇੱਕ ਲੁਕਵੀਂ ਸਾਜ਼ਿਸ਼ ਹੈ।

ਜਦੋਂ ਕਿ ਅਮਰੀਕਾ ਦੀ ਆਬਾਦੀ ਦਾ ਸਿਰਫ਼ 2 ਫ਼ੀਸਦੀ ਖੇਤੀਬਾੜੀ ਵਿੱਚ ਸ਼ਾਮਲ ਹੈ, ਜਰਮਨੀ ਅਤੇ ਇੰਗਲੈਂਡ ਵਿੱਚ ਇਹ 1 ਫ਼ੀਸਦੀ ਹੈ ਅਤੇ ਜਾਪਾਨ ਵਿੱਚ 3 ਫ਼ੀਸਦੀ ਹੈ। ਦੂਜੇ ਪਾਸੇ ਭਾਰਤ 46 ਫ਼ੀਸਦੀ ਆਬਾਦੀ ਨੂੰ ਖੇਤੀਬਾੜੀ ਵਿੱਚ ਰੋਜ਼ਗਾਰ ਦੇ ਰਿਹਾ ਹੈ, ਜੋ ਕਿ ਅਫਗਾਨਿਸਤਾਨ (45 ਫ਼ੀਸਦੀ) ਅਤੇ ਉੱਤਰੀ ਕੋਰੀਆ (47 ਫ਼ੀਸਦੀ) ਵਰਗੀ ਸਥਿਤੀ ਵਿੱਚ ਹੈ। ਚੀਨ ਨੇ ਖੇਤੀਬਾੜੀ 'ਤੇ ਨਿਰਭਰ ਆਬਾਦੀ ਨੂੰ 1991 ਵਿੱਚ 63 ਫ਼ੀਸਦੀ ਤੋਂ ਘਟਾ ਕੇ 22 ਫ਼ੀਸਦੀ ਕਰ ਦਿੱਤਾ ਹੈ, ਜਦੋਂ ਕਿ ਭਾਰਤ ਤਿੰਨ ਦਹਾਕਿਆਂ ਵਿੱਚ ਬਹੁਤ ਘੱਟ ਬਦਲ ਸਕਿਆ ਹੈ।

ਭਾਰਤ ਵਿੱਚ ਫਾਰਮ ਦਾ ਔਸਤ ਆਕਾਰ 1971 ਵਿੱਚ 2.28 ਹੈਕਟੇਅਰ ਸੀ, ਜੋ ਕਿ 2021 ਵਿੱਚ ਘਟ ਕੇ 0.74 ਹੈਕਟੇਅਰ ਹੋ ਗਿਆ। ਇੰਨੇ ਛੋਟੇ ਫਾਰਮ ਵਿੱਚ ਮਸ਼ੀਨਰੀ ਦੀ ਕੁਸ਼ਲ ਵਰਤੋਂ ਮੁਸ਼ਕਲ ਹੈ। ਡੀਜ਼ਲ, ਖਾਦ, ਬੀਜਾਂ ਦੀ ਲਾਗਤ ਫ਼ਸਲ ਦੀ ਕੀਮਤ ਨਾਲੋਂ ਤੇਜ਼ੀ ਨਾਲ ਵੱਧ ਰਹੀ ਹੈ। ਕੋਵਿਡ ਤੋਂ ਬਾਅਦ, 'ਰਿਵਰਸ ਮਾਈਗ੍ਰੇਸ਼ਨ' ਨੇ ਖੇਤੀਬਾੜੀ ਵਿੱਚ ਰੋਜ਼ਗਾਰ ਅਨੁਪਾਤ 44 ਫ਼ੀਸਦੀ (2017-18) ਤੋਂ ਵਧਾ ਕੇ 46 ਫ਼ੀਸਦੀ (2023-24) ਕਰ ਦਿੱਤਾ। ਇਹ ਖੇਤੀ ਪ੍ਰਤੀ ਖਿੱਚ ਦਾ ਸੰਕੇਤ ਨਹੀਂ ਹੈ, ਸਗੋਂ ਰੋਜ਼ਗਾਰ ਸੰਕਟ ਦਾ ਸੰਕੇਤ ਹੈ। ਅਮਰੀਕੀ ਟੈਰਿਫ ਦੀ ਦਹਿਸ਼ਤ 'ਸਾਹ ਲੈਣ ਦਾ ਸਮਾਂ' ਦੇਣ ਲਈ ਇੱਕ ਹਥਿਆਰ ਹੋਣਾ ਚਾਹੀਦਾ ਹੈ, ਦੇਸ਼ ਦੀ ਖੇਤੀਬਾੜੀ ਆਰਥਿਕਤਾ ਦੇ ਵਿਕਾਸ ਵਿੱਚ ਇੱਕ ਸਥਾਈ ਕੰਧ ਨਹੀਂ।

ਅਮਰੀਕੀ ਖੇਤੀਬਾੜੀ ਉਤਪਾਦਾਂ ਲਈ ਭਾਰਤੀ ਬਾਜ਼ਾਰ ਨਾ ਖੋਲ੍ਹਣਾ ਇਸ ਸਮੇਂ ਸਹੀ ਕਦਮ ਹੈ। ਪਰ ਲੰਬੇ ਸਮੇਂ ਵਿੱਚ ਕਿਸਾਨ ਭਲਾਈ ਦਾ ਮਤਲਬ ਸਿਰਫ਼ ਉਨ੍ਹਾਂ ਦੇ ਮੁਕਾਬਲੇ ਤੋਂ ਬਚਾਉਣਾ ਜਾਂ ਕਿਸਾਨ ਸਨਮਾਨ ਨਿਧੀ ਦੀਆਂ ਦੋ ਕਿਸ਼ਤਾਂ ਸਾਲਾਨਾ ਦੇਣਾ ਨਹੀਂ ਹੈ, ਸਗੋਂ ਉਨ੍ਹਾਂ ਨੂੰ ਟਿਕਾਊ ਸਾਧਨ, ਬਾਜ਼ਾਰ ਤੱਕ ਪਹੁੰਚ ਅਤੇ ਖੇਤੀ ਨੂੰ ਲਾਭਦਾਇਕ ਬਣਾਉਣ ਲਈ ਇੱਕ ਠੋਸ ਅਤੇ ਟਿਕਾਊ ਬਦਲ ਦੇਣਾ ਜ਼ਰੂਰੀ ਹੈ। ਇਸ ਲਈ, ਤਿੰਨ ਵੱਡੀਆਂ ਤਬਦੀਲੀਆਂ ਜ਼ਰੂਰੀ ਹਨ।

ਪਹਿਲਾਂ ਛੋਟੇ ਕਿਸਾਨਾਂ ਨੂੰ ਖੇਤੀਬਾੜੀ ਦੇ ਨਾਲ-ਨਾਲ ਉਦਯੋਗ ਅਤੇ ਸੇਵਾ ਖੇਤਰਾਂ ਵਿੱਚ ਰੋਜ਼ਗਾਰ ਦੇ ਮੌਕੇ ਮਿਲਣੇ ਚਾਹੀਦੇ ਹਨ ਕਿਉਂਕਿ ਖੇਤੀ ਇੱਕ ਮੌਸਮੀ ਕੰਮ ਹੈ। ਇੱਕ ਸਾਲ ਵਿੱਚ ਦੋ ਜਾਂ ਤਿੰਨ ਫ਼ਸਲੀ ਚੱਕਰਾਂ ਕਾਰਨ ਕਿਸਾਨਾਂ ਦੇ ਜੀਵਨ ਵਿੱਚ ਕੋਈ ਵੱਡਾ ਆਰਥਿਕ ਬਦਲਾਅ ਨਹੀਂ ਆਇਆ ਹੈ। ਕਰਜ਼ੇ ਦੇ ਬੋਝ ਹੇਠ ਦੱਬੇ ਕਿਸਾਨਾਂ ਨੂੰ ਚੀਨੀ ਮਾਡਲ ਵਾਂਗ ਹੀ ਕੱਪੜਾ, ਫੂਡ ਪ੍ਰੋਸੈਸਿੰਗ, ਲਾਈਟ ਇੰਜੀਨੀਅਰਿੰਗ, ਪੇਂਡੂ ਹੁਨਰ ਸਿਖਲਾਈ ਵਰਗੇ ਕਿਰਤ-ਸੰਬੰਧੀ ਉਦਯੋਗਾਂ ਨਾਲ ਪੇਂਡੂ ਖੇਤਰਾਂ ਵਿੱਚ ਰੋਜ਼ਗਾਰ ਪੈਦਾ ਕਰਨ ਨੂੰ ਤੇਜ਼ ਕਰਨਾ ਹੋਵੇਗਾ।

ਦੂਜਾ ਸਹਿਕਾਰੀ ਖੇਤੀ, ਜ਼ਮੀਨੀ ਲੀਜ਼ ਸੁਧਾਰ ਅਤੇ ਕਿਸਾਨ ਉਤਪਾਦਕ ਸੰਗਠਨ (ਐੱਫ. ਪੀ. ਓ.) ਰਾਹੀਂ ਛੋਟੇ ਕਿਸਾਨਾਂ ਨੂੰ ਸ਼ਾਮਲ ਕਰ ਕੇ ਆਧੁਨਿਕ ਖੇਤੀਬਾੜੀ ਉਪਕਰਣ, ਸਿੰਚਾਈ ਅਤੇ ਫ਼ਸਲ ਭੰਡਾਰਨ ਨੂੰ ਉਤਸ਼ਾਹਿਤ ਕਰਨਾ ਹੋਵੇਗਾ। ਤੀਜਾ ਬਿਹਤਰ ਲਾਜਿਸਟਿਕਸ, ਬ੍ਰਾਂਡਿੰਗ ਅਤੇ ਗੁਣਵੱਤਾ ਪ੍ਰਮਾਣੀਕਰਨ ਰਾਹੀਂ ਸਾਲਾਨਾ ਲਗਭਗ 50 ਅਰਬ ਰੁਪਏ ਦੀ ਖੇਤੀਬਾੜੀ ਬਰਾਮਦ ਨੂੰ ਵਧਾਇਆ ਜਾ ਸਕਦਾ ਹੈ। ਇਸ ਵਿੱਚ ਕਿਸਾਨ ਸੰਗਠਨਾਂ ਦੀ ਭਾਗੀਦਾਰੀ ਯਕੀਨੀ ਬਣਾਉਣੀ ਹੋਵੇਗੀ। ਵਾਢੀ ਤੋਂ ਬਾਅਦ ਦੇ 15 ਤੋਂ 25 ਫ਼ੀਸਦੀ ਦੇ ਨੁਕਸਾਨ ਨੂੰ 5 ਫ਼ੀਸਦੀ ਦੇ ਵਿਸ਼ਵ ਪੱਧਰ 'ਤੇ ਲਿਆਉਣਾ ਹੋਵੇਗਾ।

ਭਾਰਤ ਨੂੰ ਡਬਲਿਊ. ਟੀ. ਓ. ਵਿੱਚ ਸ਼ਾਮਲ ਕਰਨਾ ਹੋਵੇਗਾ। ਇਸ ਤਰ੍ਹਾਂ ਦੇ ਮੰਚਾਂ ਨੂੰ ਅਮੀਰ ਦੇਸ਼ਾਂ ਦੇ ਦੋਹਰੇ ਮਾਪਦੰਡਾਂ ਨੂੰ ਖੁੱਲ੍ਹ ਕੇ ਚੁਣੌਤੀ ਦੇਣੀ ਚਾਹੀਦੀ ਹੈ। ਅਮਰੀਕਾ ਅਤੇ ਯੂਰਪ ਦੀਆਂ ਅਖੌਤੀ 'ਗ੍ਰੀਨ ਬਾਕਸ' ਸਬਸਿਡੀਆਂ ਅਸਲ ਵਿੱਚ ਉਨ੍ਹਾਂ ਦੇ ਕਿਸਾਨਾਂ ਨੂੰ ਇੱਕ ਬੜ੍ਹਤ ਦਿੰਦੀਆਂ ਹਨ। ਇਸ ਦੇ ਨਾਲ ਹੀ ਵਿਕਾਸਸ਼ੀਲ ਦੇਸ਼ਾਂ ਦੀਆਂ ਖ਼ੁਰਾਕ ਸੁਰੱਖਿਆ ਯੋਜਨਾਵਾਂ ਅਤੇ ਸਰਕਾਰੀ ਖਰੀਦ ਪ੍ਰੋਗਰਾਮਾਂ ਨੂੰ ਉਤਸ਼ਾਹਿਤ ਕੀਤਾ ਜਾਣਾ ਚਾਹੀਦਾ ਹੈ। ਟਰੰਪ ਦਾ ਟੈਰਿਫ ਟੈਰਰ ਅਸਥਾਈ ਹੋ ਸਕਦਾ ਹੈ ਪਰ ਭਾਰਤ ਦੀਆਂ ਖੇਤੀਬਾੜੀ ਕਮਜ਼ੋਰੀਆਂ ਸਥਾਈ ਰਹਿਣਗੀਆਂ ਜਦੋਂ ਤੱਕ ਅਸੀਂ ਫੈਸਲਾਕੁੰਨ ਸੁਧਾਰ ਨਹੀਂ ਕਰਦੇ।

# ਫਸਲੀ ਵੰਨ-ਸਵੰਨਤਾ ਲਈ ਅਮਰੂਦ ਲਗਾਓ

**ਅਮਰੂਦ ਸਾਰਾ ਸਾਲ ਉਪਲਬਧ ਰਹਿੰਦਾ ਹੈ । ਇਹ ਬਹੁਤ ਘੱਟ ਦੇਖਭਾਲ ਦੇ ਬਾਵਜੂਦ ਯਕੀਨੀ ਫ਼ਸਲ ਦਿੰਦਾ ਹੈ । ਇਸ ਦੀ ਉਤਪਾਦਨ ਲਾਗਤ ਵੀ ਘੱਟ ਹੈ; ਖਾਦ, ਸਿੰਜਾਈ ਅਤੇ ਪੌਦਿਆਂ ਦੀ ਸੁਰੱਖਿਆ ਲਈ ਜ਼ਿਆਦਾ ਲੋੜ ਨਹੀਂ ਪੈਂਦੀ । ਅਮਰੂਦ ਪੰਜਾਬ ਵਿੱਚ ਕਾਸ਼ਤ ਅਧੀਨ ਰਕਬੇ ਵਿੱਚ ਦੂਜੇ ਸਥਾਨ 'ਤੇ ਹੈ ।**

**ਅਰਵਿੰਦ ਪ੍ਰੀਤ ਕੌਰ**
ਕ੍ਰਿਸ਼ੀ ਵਿਗਿਆਨ ਕੇਂਦਰ,
ਫਤਿਹਗੜ੍ਹ ਸਾਹਿਬ
ਮੋ. 94637-28095



**ਖੁਰਾਕੀ ਤੱਤ** : ਅਮਰੂਦ ਵਿਟਾਮਿਨ ਸੀ, ਨਿਆਸੀਨ, ਰਿਬੋਫਲੇਵਿਨ, ਵਿਟਾਮਿਨ, ਆਇਰਨ, ਫਾਸਫੋਰਸ, ਕੈਲਸ਼ੀਅਮ ਅਤੇ ਖਣਿਜਾਂ ਨਾਲ ਭਰਪੂਰ ਪੌਸ਼ਟਿਕ ਫਲ ਹੈ । ਇਹ ਵਿਟਾਮਿਨ ਸੀ (200-260 ਮਿਲੀਗ੍ਰਾਮ/100 ਗ੍ਰਾਮ) ਨਾਲ ਭਰਪੂਰ ਹੁੰਦਾ ਹੈ ਜੋ ਨਿੰਬੂ ਜਾਤੀ ਦੇ ਫਲਾਂ ਦੀ ਮਾਤਰਾ ਨਾਲੋਂ 4-5 ਗੁਣਾ ਜ਼ਿਆਦਾ ਹੁੰਦਾ ਹੈ । ਇਸ ਵਿੱਚ ਬਾਰਬਾਡੋਸ ਚੈਰੀ ਤੋਂ ਬਾਅਦ ਸਾਰੇ ਫ਼ਲਾਂ ਵਿੱਚੋਂ ਦੂਜੇ ਨੰਬਰ 'ਤੇ ਵਿਟਾਮਿਨ ਸੀ ਦੀ ਮਾਤਰਾ ਹੁੰਦੀ ਹੈ । ਪੋਸ਼ਣ ਸੁਰੱਖਿਆ ਲਈ ਇਹ ਆਦਰਸ਼ ਫ਼ਲ ਹੈ ।

ਪੰਜਾਬ ਵਿੱਚ ਖੇਤੀ ਵੰਨ-ਸਵੰਨਤਾ ਵਿੱਚ ਅਮਰੂਦ ਦੀ ਅਹਿਮ ਭੂਮਿਕਾ ਹੈ । ਇਹ ਰਾਜ ਦੇ ਸਾਰੇ ਜ਼ਿਲ੍ਹਿਆਂ ਦੇ ਮੈਦਾਨੀ ਅਤੇ ਨੀਮ-ਪਹਾੜੀ ਖੇਤਰਾਂ ਤੋਂ ਇਲਾਵਾ ਖੁਸ਼ਕ ਤੇ ਬਰਾਨੀ ਖੇਤਰਾਂ ਜਿਵੇਂ ਕੰਢੀ ਵਿੱਚ ਵੀ ਉਗਾਇਆ ਜਾ ਸਕਦਾ ਹੈ । ਇਸ ਨੂੰ ਵਿਕਾਸ ਦੇ ਸ਼ੁਰੂਆਤੀ ਪੜਾਵਾਂ ਦੌਰਾਨ ਲੋੜੀਂਦੀ ਦੇਖਭਾਲ ਦੀ ਲੋੜ ਹੁੰਦੀ ਹੈ । ਇਹ ਹਰ ਕਿਸਮ ਦੀ ਮਿੱਟੀ ਵਿੱਚ ਵਧ ਸਕਦਾ ਹੈ, ਪਰ ਇਸ ਦੀ ਕਾਮਯਾਬ ਕਾਸ਼ਤ ਲਈ ਜ਼ਮੀਨ ਚੰਗੇ ਨਿਕਾਸ ਵਾਲੀ, ਭੁਰਭੁਰੀ, ਹਲਕੀ ਰੇਤਲੀ ਮੈਰਾ ਤੋਂ ਚੀਕਣੀ ਮੈਰਾ ਹੋਣੀ ਚਾਹੀਦੀ ਹੈ । ਇਹ ਸਾਲ ਵਿੱਚ ਦੋ ਵਾਰ ਫ਼ਲ ਦਿੰਦਾ ਹੈ ।

**ਉੱਨਤ ਕਿਸਮਾਂ**

**ਪੰਜਾਬ ਐਪਲ ਗੁਆਵਾ** : ਇਸ ਦੇ ਬੂਟੇ ਦਰਮਿਆਨੇ, ਗੋਲ ਛੱਤਰੀ ਵਾਲੇ ਅਤੇ ਝੁਕੀਆਂ ਸ਼ਾਖਾਵਾਂ ਵਾਲੇ ਹੁੰਦੇ ਹਨ । ਫ਼ਲ ਗੋਲ ਅਤੇ ਦਰਮਿਆਨੇ ਹੁੰਦੇ ਹਨ । ਗੁੱਦੇ ਦਾ ਰੰਗ ਕਰੀਮੀ ਹੁੰਦਾ ਹੈ ਅਤੇ ਬੀਜ ਦਰਮਿਆਨੇ ਆਕਾਰ ਦੇ ਹੁੰਦੇ ਹਨ । ਇਸ ਵਿੱਚ ਮਿਠਾਸ 11.83 ਪ੍ਰਤੀਸ਼ਤ ਅਤੇ ਖੱਟਾਪਣ 0.45 ਪ੍ਰਤੀਸ਼ਤ ਹੁੰਦੇ ਹਨ । ਵਧੀਆ ਗੁਣਵੱਤਾ ਅਤੇ ਚੰਗੇ ਰੰਗਦਾਰ ਫ਼ਲਾਂ ਦੀ ਪੈਦਾਵਾਰ ਲਈ ਸਿਰਫ਼ ਸਿਆਲੂ ਕਿਸਮ ਹੀ ਲੈਣੀ ਚਾਹੀਦੀ ਹੈ । ਇਸ ਦਾ ਔਸਤਨ ਝਾੜ 100-125 ਕਿਲੋ ਪ੍ਰਤੀ ਬੂਟਾ ਹੋ ਸਕਦਾ ਹੈ ।

**ਪੰਜਾਬ ਕਿਰਨ** : ਇਸ ਕਿਸਮ ਦੇ ਦਰੱਖਤ ਦਰਮਿਆਨੇ, ਗੋਲ ਛਤਰੀਦਾਰ ਅਤੇ ਝੁਕਵੀਆਂ ਟਾਹਣੀਆਂ ਵਾਲੇ ਹੁੰਦੇ ਹਨ । ਫ਼ਲ ਦਰਮਿਆਨੇ, ਗੋਲ ਤੇ ਹਲਕੇ ਲੰਬੂਤਰੇ, ਗੁਲਾਬੀ ਗੁੱਦੇ ਵਾਲੇ, ਛੋਟੇ ਤੇ ਨਰਮ ਬੀਜਾਂ ਵਾਲੇ ਹੁੰਦੇ ਹਨ । ਇਸ ਵਿੱਚ ਮਿਠਾਸ ਦੀ ਮਾਤਰਾ 12.3 ਪ੍ਰਤੀਸ਼ਤ ਅਤੇ ਖੱਟਾਪਣ 0.44 ਪ੍ਰਤੀਸ਼ਤ ਹੁੰਦੇ ਹਨ । ਇਸ ਦਾ ਔਸਤਨ ਝਾੜ 100-125 ਕਿਲੋ ਪ੍ਰਤੀ ਬੂਟਾ ਹੁੰਦਾ ਹੈ ।

**ਪੰਜਾਬ ਸਫ਼ੈਦਾ** : ਇਸ ਕਿਸਮ ਦੇ ਦਰੱਖਤ ਭਰਵੇਂ ਅਤੇ ਟਾਹਣੀਆਂ ਫੈਲਾਓ ਵਾਲੀਆਂ ਹੁੰਦੀਆਂ ਹਨ । ਫ਼ਲ ਦਰਮਿਆਨੇ ਤੋਂ ਵੱਡੇ ਆਕਾਰ ਦੇ, ਗੋਲ, ਮੁਲਾਇਮ, ਕਰੀਮੀ ਅਤੇ ਚਿੱਟੇ ਗੁੱਦੇ ਵਾਲੇ ਹੁੰਦੇ ਹਨ । ਇਸ ਵਿੱਚ ਮਿਠਾਸ ਦੀ ਮਾਤਰਾ 13.4 ਪ੍ਰਤੀਸ਼ਤ ਅਤੇ ਖੱਟਾਪਣ 0.62 ਪ੍ਰਤੀਸ਼ਤ ਹੁੰਦੇ ਹਨ । ਇਸ ਦੇ ਤਿੰਨ ਸਾਲ ਦੇ ਬੂਟਿਆਂ ਦਾ ਔਸਤਨ ਝਾੜ 125-150 ਕਿਲੋ ਪ੍ਰਤੀ ਬੂਟਾ ਹੁੰਦਾ ਹੈ ।

**ਸ਼ਵੇਤਾ** : ਇਸ ਦੇ ਬੂਟੇ ਦਰਮਿਆਨੇ, ਗੋਲ ਛਤਰੀ ਵਾਲੇ ਅਤੇ ਟਾਹਣੀਆਂ ਫੈਲਾਓ ਵਾਲੀਆਂ ਹੁੰਦੀਆਂ ਹਨ । ਇਸ ਦੇ ਫ਼ਲ ਬੈਠਵੇਂ ਗੋਲ, ਮੁਲਾਇਮ, ਕਰੀਮੀ, ਚਿੱਟੇ ਗੁੱਦੇ ਵਾਲੇ ਹੁੰਦੇ ਹਨ । ਇਸ ਵਿੱਚ ਮਿਠਾਸ ਦੀ ਮਾਤਰਾ 10.5-11.0 ਪ੍ਰਤੀਸ਼ਤ ਹੁੰਦੀ ਹੈ । ਬੀਜ ਘੱਟ ਸਖ਼ਤ ਹੁੰਦੇ ਹਨ । ਇਸ ਦਾ ਔਸਤਨ ਝਾੜ 150 ਕਿਲੋ ਪ੍ਰਤੀ ਬੂਟਾ ਹੁੰਦਾ ਹੈ ।

**ਅਲਾਹਾਬਾਦ ਸਫ਼ੈਦਾ** : ਇਹ ਬੂਟੇ ਕੁਝ ਮਧਰੇ, ਗੋਲ, ਸੰਘਣੇ ਛੱਤਰੀਦਾਰ ਤੇ ਫੈਲਵੀਆਂ ਟਾਹਣੀਆਂ ਵਾਲੇ ਹੁੰਦੇ ਹਨ । ਪੱਤੇ ਵੱਡੇ ਆਕਾਰ ਦੇ ਅਤੇ ਦਰੱਖਤ ਸਰਦਾਰ ਕਿਸਮ ਨਾਲੋਂ ਘੱਟ ਸੰਘਣੇ ਪੱਤਿਆਂ ਵਾਲੇ ਹੁੰਦੇ ਹਨ । ਫ਼ਲ, ਗੋਲ, ਮੁਲਾਇਮ ਚਿੱਟਾ ਗੁੱਦਾ, ਦਿਲਖਿੱਚਵੀਂ ਖ਼ੁਸ਼ਬੂ ਅਤੇ 10-12 ਪ੍ਰਤੀਸ਼ਤ ਮਿਠਾਸ ਵਾਲੇ ਹੁੰਦੇ ਹਨ । ਭਰ-ਜਵਾਨ ਬੂਟਿਆਂ ਤੋਂ 120 ਤੋਂ 140 ਕਿਲੋ ਫ਼ਲ ਪ੍ਰਤੀ ਬੂਟਾ ਮਿਲ ਜਾਂਦਾ ਹੈ ।

**ਨਸਲੀ ਵਾਧਾ ਅਤੇ ਬੂਟੇ ਲਾਉਣ ਦਾ ਸਮਾਂ**

ਅਮਰੂਦ ਦਾ ਨਸਲੀ ਵਾਧਾ ਸੁਧਰੇ ਪੈਚ (2 ਅੱਖਾਂ ਵਾਲਾ) ਢੰਗ ਜਾਂ ਫਾਨਾ ਪਿਉਂਦ ਨਾਲ ਕੀਤਾ ਜਾਂਦਾ ਹੈ । ਅਮਰੂਦ ਦਾ ਬੀਜ ਅਗਸਤ ਜਾਂ ਮਾਰਚ ਵਿੱਚ 2×1 ਮੀਟਰ ਦੀਆਂ ਉਭਰਵੀਆਂ ਕਿਆਰੀਆਂ ਵਿੱਚ ਬੀਜਿਆ ਜਾਂਦਾ ਹੈ । ਪਨੀਰੀ ਛੇ ਮਹੀਨੇ ਬਾਅਦ ਦੂਜੀ ਥਾਂ ਲਾਉਣ ਲਈ ਤਿਆਰ ਹੋ ਜਾਂਦੀ ਹੈ । ਪਨੀਰੀ 1.12 ਸੈਂਟੀਮੀਟਰ ਮੋਟੀ ਅਤੇ 15 ਸੈਂਟੀਮੀਟਰ ਉੱਚੀ ਹੋ ਜਾਵੇ ਤਾਂ ਪਿਉਂਦ ਕੀਤੀ ਜਾਂਦੀ ਹੈ । 6×6 ਮੀਟਰ ਦੀ ਦੂਰੀ ਨਾਲ ਅਮਰੂਦ ਦੇ ਪੌਦੇ ਫਰਵਰੀ ਮਾਰਚ ਜਾਂ ਅਗਸਤ ਸਤੰਬਰ ਵਿੱਚ ਲਗਾਏ ਜਾ ਸਕਦੇ ਹਨ । ਏਕੜ ਵਿੱਚ 110 ਪੌਦੇ ਲਗਾਏ ਜਾ ਸਕਦੇ ਹਨ ।



**ਖਾਦਾਂ** : ਯੂਰੀਆ (1.0 ਕਿਲੋ ਪ੍ਰਤੀ ਬੂਟਾ), ਸੁਪਰਫਾਸਫੇਟ (2.5 ਕਿਲੋ ਪ੍ਰਤੀ ਬੂਟਾ) ਅਤੇ ਪੋਟਾਸ਼ ਮਿਊਰੇਟ (1.5 ਕਿਲੋ ਪ੍ਰਤੀ ਬੂਟਾ) ਪਾਉ । ਇਹ ਮਾਤਰਾ 10 ਸਾਲ ਜਾਂ ਇਸ ਤੋਂ ਵੱਡੇ ਬੂਟਿਆਂ ਲਈ ਹੈ । ਅਮਰੂਦਾਂ ਦੇ ਫ਼ਲਾਂ ਦੀ ਗੁਣਵੱਤਾ ਵਿੱਚ ਸੁਧਾਰ ਕਰਨ ਲਈ 2.0 ਪ੍ਰਤੀਸ਼ਤ ਪੋਟਾਸ਼ੀਅਮ ਨਾਈਟ੍ਰੇਟ (2.0 ਕਿਲੋ ਪ੍ਰਤੀ 100 ਲਿਟਰ ਪਾਣੀ) ਦੇ ਛਿੜਕਾਅ ਕੀਤੇ ਜਾ ਸਕਦੇ ਹਨ । ਪਹਿਲਾ ਛਿੜਕਾਅ ਅਗਸਤ ਮਹੀਨੇ ਵਿੱਚ ਫ਼ਲ ਪੈਣ ਤੋਂ ਬਾਅਦ ਅਤੇ ਦੂਜਾ ਛਿੜਕਾਅ ਮਹੀਨੇ ਬਾਅਦ ਸਤੰਬਰ ਮਹੀਨੇ ਕਰੋ ।

**ਸਿਧਾਈ ਅਤੇ ਕਾਂਟ ਛਾਂਟ** : ਅਮਰੂਦਾਂ ਦੀ ਸਿਧਾਈ ਫ਼ਲਾਂ ਦੇ ਝਾੜ ਅਤੇ ਗੁਣਾਂ ਵਿੱਚ ਸੁਧਾਰ ਕਰਦੀ ਹੈ । ਸਿਧਾਈ ਦਾ 'ਸੁਧਰਿਆ ਟੀਸੀ ਢੰਗ' ਆਮ ਵਰਤਿਆ ਜਾਂਦਾ ਹੈ । ਮਰੀਆਂ, ਬਿਮਾਰ, ਆਪਸ ਵਿੱਚ ਫ਼ਸਦੀਆਂ ਟਾਹਣੀਆਂ ਅਤੇ ਢਾਂਚੇ ਦੇ ਹੇਠੋਂ ਤੇ ਪਾਸੇ ਤੋਂ ਨਿੱਕਲੇ ਫੁਟਾਰੇ ਦੀ ਸਾਲਾਨਾ ਕਾਂਟ ਛਾਂਟ ਵੀ ਕਰਨੀ ਚਾਹੀਦੀ ਹੈ ।

**ਸਿੰਜਾਈ** : ਅਮਰੂਦ ਦੇ ਛੋਟੇ ਪੌਦਿਆਂ ਨੂੰ ਗਰਮੀਆਂ ਦੇ ਮਹੀਨਿਆਂ ਦੌਰਾਨ ਹਫ਼ਤੇ ਦੇ ਵਕਫ਼ੇ ਨਾਲ ਅਤੇ ਸਰਦੀਆਂ ਦੇ ਮਹੀਨਿਆਂ ਦੌਰਾਨ 2-3 ਸਿੰਜਾਈਆਂ ਦੀ ਲੋੜ ਹੁੰਦੀ ਹੈ । ਫ਼ਲ ਦੇਣ ਵਾਲੇ ਰੁੱਖਾਂ ਨੂੰ ਫੁੱਲਾਂ ਲਈ ਸਿੰਜਾਈ ਦੀ ਲੋੜ ਹੁੰਦੀ ਹੈ ਅਤੇ ਗਰਮੀਆਂ ਦੇ ਮਹੀਨਿਆਂ ਦੌਰਾਨ 2-3 ਹਫ਼ਤਿਆਂ ਦੇ ਵਕਫ਼ੇ ਨਾਲ ਅਤੇ ਸਰਦੀਆਂ ਦੇ ਮਹੀਨਿਆਂ ਦੌਰਾਨ ਮਹੀਨਾਵਾਰ ਵਕਫ਼ੇ ਨਾਲ ਸਿੰਜਾਈ ਦੀ ਲੋੜ ਹੁੰਦੀ ਹੈ । ਫੁੱਲਾਂ ਦੇ ਸਿਖਰ 'ਤੇ ਭਾਰੀ ਸਿੰਜਾਈ ਤੋਂ ਪਰਹੇਜ਼ ਕਰਨਾ ਚਾਹੀਦਾ ਹੈ, ਇਸ ਨਾਲ ਜ਼ਿਆਦਾ ਫੁੱਲ ਡਿੱਗ ਸਕਦੇ ਹਨ ।

**ਲਿਫ਼ਾਫ਼ੇ ਚੜ੍ਹਾਉਣ (ਬੈਗਿੰਗ) ਦੀ ਤਕਨੀਕ** : ਬੂਟਿਆਂ ਉੱਪਰ ਲੱਗੇਪੂਰੇ ਵੱਡੇ ਪਰ ਸਖ਼ਤ, ਹਰੇ ਬਰਸਾਤੀ ਅਮਰੂਦਾਂ ਉੱਪਰ ਚਿੱਟੇ ਰੰਗ ਦੇ ਨਾਨ-ਵੂਵਨ ਲਿਫ਼ਾਫ਼ੇ ਚੜ੍ਹਾਏ ਜਾ ਸਕਦੇ ਹਨ । ਅਜਿਹਾ ਕਰਨ ਨਾਲ ਇਨ੍ਹਾਂ ਨੂੰ ਫ਼ਲਾਂ ਦੀ ਮੱਖੀ ਦੇ ਹਮਲੇ ਕਾਰਨ ਕਾਣੇ ਹੋਣ ਅਤੇ ਕਿਸੇ ਵੀ ਕੀਟਨਾਸ਼ਕ ਦੀ ਵਰਤੋਂ ਤੋਂ ਬਚਿਆ ਜਾ ਸਕਦਾ ਹੈ । ਇਸ ਤਕਨੀਕ ਨਾਲ ਫ਼ਲਾਂ ਦੇ ਆਕਾਰ ਅਤੇ ਗੁਣਵੱਤਾ ਵਿੱਚ ਵੀ ਵਾਧਾ ਹੁੰਦਾ ਹੈ । ਲਿਫ਼ਾਫ਼ਾ ਚੜ੍ਹਾਏ ਫ਼ਲਾਂ ਨੂੰ ਰੰਗ ਬਦਲਣ ਦੀ ਅਵਸਥਾ 'ਤੇ ਤੋੜ ਲਵੋ ।

**ਪੌਦ ਸੁਰੱਖਿਆ** : ਫ਼ਲ ਦੀ ਮੱਖੀ ਮੌਨਸੂਨ ਦੌਰਾਨ ਅਮਰੂਦ ਦੇ ਫ਼ਲਾਂ ਦਾ ਗੰਭੀਰ ਕੀਟ, ਫ਼ਲ ਦੀ ਮੱਖੀ ਹੈ । ਇਹ ਮੱਖੀ ਫ਼ਲਾਂ ਦੇ ਰੰਗ ਬਦਲਣ ਸਮੇਂ ਛਿਲਕੇ 'ਤੇ ਆਂਡੇ ਦਿੰਦੀ ਹੈ । ਆਂਡਿਆਂ ਵਿੱਚੋਂ ਸੁੰਡੀਆਂ ਨਿਕਲਣ ਤੋਂ ਬਾਅਦ ਇਹ ਫ਼ਲਾਂ ਵਿੱਚ ਛੇਕ ਕਰਦੀਆਂ ਹਨ ਅਤੇ ਨਰਮ ਗੁੱਦਾ ਖਾਂਦੀਆਂ ਹਨ ।

**ਰੋਕਥਾਮ** :

ਬਰਸਾਤੀ ਮੌਸਮ ਵਿੱਚ ਪੱਕੇ ਹਰੇ ਅਮਰੂਦ ਦੇ ਫ਼ਲ ਲਿਫ਼ਾਫ਼ਿਆਂ ਨਾਲ ਢਕਣੇ ਚਾਹੀਦੇ ਹਨ । ਫ਼ਲਾਂ ਦੀਆਂ ਮੱਖੀਆਂ ਦੇ ਗੰਭੀਰ ਹਮਲੇ ਵਾਲੇ ਬਾਗਾਂ ਵਿੱਚ ਬਰਸਾਤੀ ਮੌਸਮ ਦੀ ਫ਼ਸਲ ਨਾ ਲਓ ।

ਪੱਕੇ ਫ਼ਲ ਰੁੱਖ 'ਤੇ ਨਾ ਰਹਿਣ ਦਿਓ । ਡਿੱਗੇ ਫ਼ਲ ਲਗਾਤਾਰ ਜ਼ਮੀਨ ਤੋਂ ਹਟਾਓ । ਪ੍ਰਭਾਵਿਤ ਫ਼ਲ ਘੱਟੋ-ਘੱਟ 60 ਸੈਂਟੀਮੀਟਰ ਡੂੰਘੇ ਦੱਬ ਦਿਓ ।

ਵਾਢੀ ਤੋਂ ਤੁਰੰਤ ਬਾਅਦ ਕਲਟੀਵੇਟਰ ਨਾਲ ਘੱਟ ਹਲ ਵਾਹੁਣ ਨਾਲ ਪਿਊਪੇਟਿੰਗ ਲਾਰਵੇ/ਪਿਊਪੇ ਜੋ ਜ਼ਿਆਦਾਤਰ 4-6 ਸੈਂਟੀਮੀਟਰ ਡੂੰਘਾਈ 'ਤੇ ਮੌਜੂਦ ਹੁੰਦੇ ਹਨ, ਨੂੰ ਨਸ਼ਟ ਕਰਨ ਤੇ ਮਾਰਨ ਵਿੱਚ ਅਸਰਦਾਰ ਹੁੰਦਾ ਹੈ । ਪੀਏਯੂ ਫਲ ਫਲਾਈ ਟ੍ਰੈਪ ਲਗਾਓ ।

**ਫ਼ਲ ਦਾ ਗੜੂੰਆਂ** : ਜਿੱਥੇਂ ਸੁੰਡੀ ਫ਼ਲ ਵਿੱਚ ਵੜਦੀ ਹੈ, ਉੱਥੇਂ ਫ਼ਲ ਬੇਢੱਬਾ ਜਿਹਾ ਹੋ ਜਾਂਦਾ ਹੈ । ਇਹ ਸੁੰਡੀ ਫ਼ਲ ਦਾ ਬੀਜ ਅਤੇ ਗੁੱਦਾ ਖਾਂਦੀ ਹੈ ਜਿਸ ਨਾਲ ਹਮਲੇ ਹੇਠ ਆਇਆ ਫ਼ਲ ਕਮਜ਼ੋਰ ਹੋ ਜਾਂਦਾ ਹੈ । ਹਮਲੇ ਹੇਠ ਆਏ ਫ਼ਲ ਸੁੱਕ ਜਾਂਦੇ ਹਨ ਅਤੇ ਪੱਕਣ ਤੋਂ ਪਹਿਲਾਂ ਹੀ ਹੇਠਾਂ ਡਿੱਗ ਪੈਂਦੇ ਹਨ । ਇਸ ਕੀੜੇ ਦੇ ਹਮਲੇ ਦਾ ਮੁੱਖ ਲੱਛਣ ਹਮਲੇ ਹੇਠ ਆਏ ਫ਼ਲਾਂ ਵਿੱਚ ਮਲ-ਮੂਤਰ ਅਤੇ ਰੇਸ਼ਮੀ ਜਾਲਿਆਂ ਦਾ ਲਟਕਣਾ ਹੈ ।

**ਰੋਕਥਾਮ** :

ਪੀਏਯੂ ਨਿੰਮ ਦੇ ਘੋਲ ਦੇ 18 ਮਿਲੀਲਿਟਰ ਪ੍ਰਤੀ ਲਿਟਰ ਦੇ ਹਿਸਾਬ ਨਾਲ ਦੋ ਛਿੜਕਾਅ ਕਰੋ ।

ਟ੍ਰਾਈਕੋਗ੍ਰਾਮਾ ਕਿਲੋਨਿਸ ਮਿੱਤਰ ਕੀੜੇ ਵਾਲੀਆਂ ਟ੍ਰਾਈਕੋ ਸਟਰਿਪਸ 2000 ਪਰਜੀਵੀ ਆਂਡੇ ਪ੍ਰਤੀ ਰੁੱਖ ਦੇ ਹਿਸਾਬ ਨਾਲ (13 ਕਾਰਡ ਪ੍ਰਤੀ ਏਕੜ) ਜੁਲਾਈ ਦੇ ਤੀਜੇ, ਚੌਥੇ ਅਤੇ ਪੰਜਵੇਂ ਹਫ਼ਤੇ (ਬਰਸਾਤ ਰੁੱਤ ਦੀ ਫ਼ਸਲ) ਅਤੇ ਅਕਤੂਬਰ ਦੇ ਤੀਜੇ, ਚੌਥੇ ਅਤੇ ਪੰਜਵੇਂ ਹਫ਼ਤੇ (ਸਰਦੀ ਰੁੱਤ ਦੀ ਫ਼ਸਲ) ਪੱਤਿਆਂ ਦੇ ਹੇਠਲੇ ਪਾਸੇ ਨੱਥੀ ਕਰੋ ।

**ਫ਼ਲ ਸੜਨਾ** : ਪੂਰੀ ਤਰ੍ਹਾਂ ਪੱਕੇ ਫ਼ਲਾਂ 'ਤੇ ਉੱਲੀ ਦਾ ਹਮਲਾ ਜ਼ਿਆਦਾ ਹੁੰਦਾ ਹੈ । ਗੋਲਾਕਾਰ, ਥੋੜ੍ਹੇ ਜਿਹੇ ਧੱਬੇ ਹੋਏ, ਭੂਰੇ ਧੱਬੇ ਫ਼ਲਾਂ 'ਤੇ ਨਿਸ਼ਚਿਤ ਕਿਨਾਰਿਆਂ ਵਾਲੇ ਦਿਖਾਈ ਦਿੰਦੇ ਹਨ । ਫ਼ਲ 2 ਤੋਂ 3 ਦਿਨਾਂ ਦੇ ਅੰਦਰ-ਅੰਦਰ ਪੂਰੀ ਤਰ੍ਹਾਂ ਸੜ ਜਾਂਦੇ ਹਨ । ਇਹ ਉੱਲੀ ਬਰਸਾਤ ਦੇ ਮੌਸਮ ਦੌਰਾਨ ਛੋਟੇ ਰੁੱਖਾਂ, ਟਾਹਣੀਆਂ ਅਤੇ ਟਾਹਣੀਆਂ 'ਤੇ ਵੀ ਹਮਲਾ ਕਰਦੀ ਹੈ ਜਿਸ ਦੇ ਨਤੀਜੇ ਵਜੋਂ ਟਾਹਣੀਆਂ ਦੂਰ ਦੇ ਸਿਰੇ ਤੋਂ ਸੁੱਕ ਜਾਂਦੀਆਂ ਹਨ ।

**ਰੋਕਥਾਮ** :

ਮੀਂਹ ਜਾਂ ਸਿੰਜਾਈ ਦਾ ਪਾਣੀ ਦਰੱਖਤ ਦੇ ਆਲੇ-ਦੁਆਲੇ ਦੌਰਾਂ ਵਿੱਚ ਨਹੀਂ ਖੜ੍ਹਾ ਹੋਣਾ ਚਾਹੀਦਾ । ਛਾਂਟੀ ਤੋਂ ਬਾਅਦ ਦਰੱਖਤਾਂ 'ਤੇ ਬੋਰਡੋ ਮਿਸ਼ਰਣ (22:250) ਜਾਂ 300 ਗ੍ਰਾਮ ਬਲਾਈਟੋਕਸ 100 ਲਿਟਰ ਪਾਣੀ ਵਿੱਚ ਘੋਲ ਕੇ ਛਿੜਕੋ ।

ਗਲੇ ਸੜੇ ਫ਼ਲ ਜੋ ਜ਼ਮੀਨ 'ਤੇ ਡਿੱਗਦੇ ਹਨ, ਉਨ੍ਹਾਂ ਨੂੰ ਮਿੱਟੀ ਵਿੱਚ ਡੂੰਘਾ ਦੱਬਣਾ ਚਾਹੀਦਾ ਹੈ ।





# ਲੈਂਡ ਪੂਲਿੰਗ ਪਾਲਿਸੀ

## ਹਵਾ ਵਿੱਚ ਲਟਕਦੇ ਸਵਾਲ

ਗੁਰਪ੍ਰੀਤ ਸਿੰਘ ਤੂਰ
ਮੋ. 98158-00405

ਮਈ ਦੇ ਦੂਜੇ ਹਫ਼ਤੇ ਵਿੱਚ ਲੈਂਡ ਪੂਲਿੰਗ ਸੰਬੰਧੀ ਖ਼ਬਰਾਂ ਤੋਂ ਪ੍ਰੇਸ਼ਾਨ ਹੋਇਆ ਮੈਂ ਹਰ ਰੋਜ਼ ਰਾਜ ਕਰਦੀ ਪਾਰਟੀ ਦੇ ਅਹੁਦੇਦਾਰਾਂ ਨਾਲ ਗੱਲ ਕਰਨ ਦੀ ਕੋਸ਼ਿਸ਼ ਕਰਦਾ। 'ਖੇਤੀਬਾੜੀ ਵਾਲੀ ਜ਼ਮੀਨ ਬਹੁਤ ਘੱਟਦੀ ਜਾਂਦੀ ਹੈ' ਮੈਂ ਵੇਰਵਾ ਜਿਹਾ ਪਾ ਕੇ ਇਸ ਪਾਲਿਸੀ ਦੀ ਗੱਲ ਤੋਰਦਾ। ਬਹੁਤੇ ਵਿਅਕਤੀ ਟਾਲ-ਮਟੋਲ ਕਰ ਜਾਂਦੇ। 'ਬਹੁਤਾ ਨੁਕਸਾਨ ਲਗਦਾ 'ਤੇ ਨਹੀਂ ਉਨ੍ਹਾਂ ਵਿੱਚੋਂ ਇੱਕ ਨੇ ਆਖਿਆ। ਜਿਸ ਦਿਨ ਅਖ਼ਬਾਰਾਂ ਦੇ ਪੰਜ ਸਫ਼ਿਆਂ 'ਤੇ ਜ਼ਮੀਨਾਂ ਦੇ ਨੰਬਰ ਆਏ ਤਾਂ ਪ੍ਰੇਸ਼ਾਨੀ ਦੀ ਹਾਲਤ ਵਿੱਚ ਮੈਂ ਸੰਬੰਧਿਤ ਦਫ਼ਤਰ ਚਲਾ ਗਿਆ। 'ਸੱਚਮੁੱਚ ਏਨੀ ਜ਼ਮੀਨ ਐਕੁਆਇਰ ਹੋ ਜਾਣੀ ਹੈ' ਮੈਂ ਉੱਚ ਅਧਿਕਾਰੀ ਤੋਂ ਪੁੱਛਿਆ। ਉਨ੍ਹਾਂ ਤੋਂ 'ਹਾਂ' ਸੁਣ ਕੇ ਅਚਾਨਕ ਮੇਰੇ ਮੂੰਹੋਂ ਨਿਕਲਿਆ, 'ਖੇਤੀ ਕਿੱਥੇ ਹੋਵੇਗੀ ਫੇਰ।' ਜਦੋਂ ਕਾਲੋਨਾਈਜ਼ਰ ਜ਼ਮੀਨ ਖ਼ਰੀਦਦੇ ਹਨ, ਉਦੋਂ ਤੁਸੀਂ ਉਨ੍ਹਾਂ ਨੂੰ ਘਰ ਬੁਲਾ ਕੇ ਚਾਹਾਂ ਪਿਆਉਂਦੇ ਹੋ, ਜਦੋਂ ਸਰਕਾਰ ਖਰੀਦਣਾ ਚਾਹੁੰਦੀ ਹੈ, ਓਦੋਂ ਚੀਕਾਂ ਮਾਰਦੇ ਓ।' ਰੂਬਰੂ ਇਹੋ ਉੱਤਰ ਮੈਨੂੰ ਇੱਕ ਵਿਅਕਤੀ ਤੋਂ ਮਿਲਿਆ ਸੀ। ਇਹ ਜੁਆਬ ਕੁੱਝ ਹੱਦ ਤੱਕ ਸਹੀ ਵੀ ਹੈ।

ਇਸ ਲਈ ਦੋ ਪਹਿਲੇ ਦਹਾਕੇ ਤੋਂ ਕੁਝ ਕਿਸਾਨਾਂ ਨੇ ਰੀਅਲ ਅਸਟੇਟ ਦੇ ਬਹਿਕਾਵੇ ਵਿੱਚ ਆ ਕੇ ਆਪਣੀਆਂ ਜ਼ਮੀਨਾਂ ਮਹਿੰਗੇ ਭਾਅ ਵੇਚਣੀਆਂ ਸ਼ੁਰੂ ਕੀਤੀਆ। ਆਪਣੇ ਪੁੱਤ ਦੀਆਂ ਰੋਜ਼ਾਨਾ ਦੀਆਂ ਸਰਗਰਮੀਆਂ ਤੋਂ ਪ੍ਰੇਸ਼ਾਨ ਅਜਿਹਾ ਇੱਕ ਕਿਸਾਨ ਮੇਰੇ ਦਫ਼ਤਰ ਬੈਠਾ ਝੂਰਨ ਲੱਗਾ, 'ਦੋਗੁਣੀ ਜ਼ਮੀਨ ਬਣ ਜਾਊ, ਧੀ ਦਾ ਵਿਆਹ ਕਰ ਲਿਓ, ਗੱਡੀ ਲੈ ਲਿਓ, ਫੇਰ ਵੀ ਪੈਸੇ ਬਚ ਜਾਣੇ ਹਨ। ਪ੍ਰਾਪਰਟੀ ਡੀਲਰ ਦੇ ਇਸ ਬਹਿਕਾਵੇ ਵਿੱਚ ਆ ਕੇ ਮੈਂ ਪਿੰਡ ਵਾਲੀ ਜ਼ਮੀਨ ਵੇਚ ਕੇ ਦੂਰ ਖ਼ਰੀਦ ਲਈ। ਪਿੰਡ ਪਸ਼ੂਆਂ ਜੋਗਾ ਖੇਤ ਛੱਡ ਕੇ ਮੈਂ ਵਿਹਲਾ ਹੋ ਗਿਆ। ਖੇਤੀ ਧੰਦਾ ਛੁੱਟ ਗਿਆ। ਮੁੰਡਾ ਮੋਟਰਸਾਈਕਲ ਚੁੱਕ ਸਵੇਰੇ ਹੀ ਸ਼ਹਿਰ ਚਲਾ ਜਾਂਦਾ। ਹੁਣ ਉਹ ਵੱਡੀ ਗੱਡੀ ਖਰੀਦਣ ਦੀ ਜ਼ਿੱਦ ਕਰਦਾ ਹੈ। ਪਤਾ ਕਰਾਓ ਉਹ ਕਿੱਥੇ-ਕਿੱਥੇ ਜਾਂਦਾ ਹੈ।' ਉਸ ਵਿਅਕਤੀ ਨੂੰ ਆਪਣੇ ਪੁੱਤਰ ਦੇ ਨਸ਼ਿਆਂ 'ਤੇ ਲੱਗ ਜਾਣ ਦੀ ਕਨਸੋਅ ਮਿਲੀ ਸੀ, ਇਹੋ ਉਸ ਦੀ ਚਿੰਤਾ ਸੀ। ਜੇ ਗੁਆਂਢੀ ਸੂਬਿਆਂ ਵਿੱਚ ਪੰਜਾਬੀ ਇੱਕ ਬਿਸਵਾ ਜ਼ਮੀਨ ਵੀ ਨਹੀਂ ਖਰੀਦ ਸਕਦੇ ਤਾਂ ਪੰਜਾਬ 'ਤੇ ਰਾਜ ਕਰਦੀਆਂ ਸਰਕਾਰਾਂ ਨੇ 300-300 ਏਕੜ ਜ਼ਮੀਨਾਂ ਬਾਹਰਲੀਆਂ ਕੰਪਨੀਆਂ ਨੂੰ ਕਿਵੇਂ ਲੈਣ ਦਿੱਤੀਆਂ ਹਨ ? ਪੰਜਾਬ ਦੇ ਗੁਆਂਢੀ ਸੂਬਿਆਂ ਨੇ ਪ੍ਰਾਂਤ ਤੋਂ ਬਾਹਰਲੇ ਵਿਅਕਤੀਆਂ ਦੁਆਰਾ ਜ਼ਮੀਨਾਂ ਖ਼ਰੀਦਣ ਲਈ ਸਿੱਧੇ-ਅਸਿੱਧੇ ਰੂਪ ਵਿੱਚ ਕਈ ਰੋਕਾਂ ਤੇ ਸ਼ਰਤਾਂ ਲਾਈਆਂ ਹੋਈਆਂ ਹਨ। ਪਰ ਨੀਤੀ ਤੇ ਨਿਯਮਾਂ ਦੀ ਅਣਹੋਂਦ ਵਿੱਚ ਸਰਕਾਰਾਂ ਵਲੋਂ ਪੰਜਾਬ ਦੇ ਖੇਤਾਂ ਨੂੰ ਦੋਵੇਂ ਹੱਥਾਂ ਨਾਲ ਲੁਟਾਇਆ ਗਿਆ। ਇਹ ਲੁੱਟ ਸਾਲ 2003 ਤੋਂ ਸ਼ੁਰੂ ਹੋਈ, ਜਿਸ ਨੂੰ ਉਦੋਂ 'ਬੂਮ' ਦਾ ਨਾਂਅ ਦਿੱਤਾ ਗਿਆ ਸੀ।

ਸਰਕਾਰ ਦੀਆਂ ਨੀਤੀਆਂ ਤੇ ਸ਼ਰਤਾਂ ਕਾਰਨ ਹਰ ਵੱਡੀ ਖ਼ਰੀਦ ਲਈ ਆਧਾਰ ਤੇ ਪੈਨ ਕਾਰਡ ਦਾ ਵੇਰਵਾ ਜ਼ਰੂਰੀ ਹੈ। 10 ਲੱਖ ਤੋਂ ਵੱਡੀ ਰਕਮ ਦੇ ਵੇਰਵੇ ਬੈਂਕਾਂ ਅੱਗੇ ਸਾਂਝੇ ਕੀਤੇ ਜਾਂਦੇ ਹਨ। ਇਨ੍ਹਾਂ ਹਾਲਤਾਂ ਵਿੱਚ ਜ਼ਮੀਨ ਹੀ ਇੱਕ ਅਜਿਹਾ ਸਾਧਨ ਹੈ, ਜਿੱਥੇ ਅਥਾਹ ਕਾਲਾ ਧਨ ਖ਼ਪਤ ਹੋ ਸਕਦਾ ਹੈ। ਅਜਿਹੇ ਵਪਾਰੀਆਂ ਦੁਆਰਾ ਵੱਡੀ ਪੱਧਰ 'ਤੇ ਜ਼ਮੀਨ ਖ਼ਰੀਦਣ ਨਾਲ ਵਾਹੀਯੋਗ ਰਕਬੇ ਤੇਜ਼ੀ ਨਾਲ ਘਟੇ ਹਨ।

ਪਿਛਲੇ ਡੇਢ-ਦੋ ਦਹਾਕਿਆਂ ਤੋਂ ਖੇਤਾਂ ਦੀਆਂ ਰੰਗਦਾਰ ਟੀਨਾਂ, ਝੰਡਿਆਂ, ਸੀਮਿੰਟ ਦੀਆਂ ਸਲੈਬਾਂ, ਕੰਡੇਦਾਰ ਤਾਰਾਂ ਅਤੇ ਇੱਟਾਂ ਨਾਲ ਕੀਤੀਆਂ ਚਾਰਦੀਵਾਰੀਆਂ ਮੁੱਖ ਸੜਕਾਂ ਤੋਂ ਦਿਖਾਈ ਦਿੰਦੀਆਂ ਹਨ। ਚਾਰਦੀਵਾਰੀਆਂ ਵਿੱਚ ਘਿਰੇ ਖੇਤ ਛੇਤੀ ਹੀ ਸਾਹ ਛੱਡ ਜਾਂਦੇ ਹਨ। ਇੱਕ ਇੱਟ ਦੂਜੀ ਇੱਟ ਨੂੰ ਆਵਾਜ਼ ਮਾਰ ਲੈਂਦੀ ਹੈ ਅਤੇ ਦੇਖਦੇ ਹੀ ਦੇਖਦੇ ਵੱਡੇ ਮਾਲਜ਼ ਤੇ ਮਲਟੀਕੰਪਲੈਕਸ ਹੋਂਦ ਵਿੱਚ ਆ ਜਾਂਦੇ ਹਨ। ਇਸ ਵਰਤਾਰੇ ਨੂੰ ਰਾਜਪੁਰਾ ਤੋਂ ਪਟਿਆਲਾ, ਰਾਜਪੁਰਾ ਤੋਂ ਜ਼ੀਰਕਪੁਰ, ਮੋਰਿੰਡਾ ਤੋਂ ਕੁਰਾਲੀ, ਖਰੜ ਦੇ ਰਸਤਿਆਂ 'ਤੇ ਸਫ਼ਰ ਦੌਰਾਨ ਵੇਖਿਆ ਜਾ ਸਕਦਾ ਹੈ। ਕਿਸਾਨ ਪਰਿਵਾਰਾਂ ਵਲੋਂ ਜ਼ਮੀਨ ਨੂੰ ਘਰ ਬਣਾਉਣ, ਵਿਆਹਾਂ, ਖੇਤੀ ਮਸ਼ੀਨਰੀ, ਬੱਚਿਆਂ ਦੀ ਵਿਦੇਸ਼ਾਂ ਵਿੱਚ ਪੜ੍ਹਾਈ, ਸਿਹਤ ਸਮੱਸਿਆਵਾਂ ਅਤੇ ਹੋਰ ਲੋੜਾਂ ਸਮੇਂ ਕਰੰਸੀ ਨੋਟਾਂ ਵਾਂਗ ਵਰਤਿਆ ਗਿਆ। 2020 ਤੋਂ 2025 ਤੱਕ ਪ੍ਰਾਂਤ ਵਿੱਚ ਚੌੜੇ ਕੀਤੇ ਗਏ ਅਤੇ ਨਵੇਂ ਬਣਾਏ ਗਏ ਰਾਸ਼ਟਰੀ ਰਾਜ ਮਾਰਗਾਂ ਲਈ ਵਰਤੀ ਗਈ ਜ਼ਮੀਨ ਕਾਰਨ ਵੱਡੀ ਮਾਤਰਾ ਵਿੱਚ ਉਪਜਾਊ ਜ਼ਮੀਨ ਖੇਤੀ ਸੈਕਟਰ ਤੋਂ ਬਾਹਰ ਹੋ ਗਈ। ਸਰਕਾਰੀ ਅੰਕੜਿਆਂ ਮੁਤਾਬਕ ਪਿਛਲੇ 25 ਵਰ੍ਹਿਆਂ ਦੌਰਾਨ ਜ਼ਮੀਨ ਦਾ ਰਕਬਾ ਹੇਠ ਲਿਖੇ ਅਨੁਸਾਰ ਘਟਿਆ ਹੈ :

| ਸਾਲ | ਰਕਬਾ (ਹੈਕ.) |
| --- | --- |
| 2000-01 | 42.50 |
| 2005-06 | 42.00 |
| 2009-10 | 41.58 |
| 2015-16 | 41.37 |
| 2019-20 | 41.19 |
| 2024-25 | 41.00 ਅਨੁਮਾਨਿਤ |

ਉਪਰੋਕਤ ਅੰਕੜਿਆਂ ਅਨੁਸਾਰ ਸਾਲ 2000-01 ਵਿੱਚ 42 ਲੱਖ 50 ਹਜ਼ਾਰ ਹੈਕਟੇਅਰ ਵਾਹੀਯੋਗ ਜ਼ਮੀਨ ਸੀ, ਜੋ 2024-25 ਵਿੱਚ 41 ਲੱਖ ਹੈਕਟੇਅਰ ਰਹਿ ਗਈ ਦਿਖਾਈ ਗਈ ਹੈ।

ਇੰਜ ਪਿਛਲੇ 24-25 ਵਰ੍ਹਿਆਂ ਵਿੱਚ 1,50,000 ਹੈਕਟੇਅਰ (3,75,000 ਏਕੜ) ਜ਼ਮੀਨ ਖੇਤੀ ਸੈਕਟਰ ਤੋਂ ਬਾਹਰ ਚਲੀ ਗਈ। ਇਸ ਖਪਤ ਦਾ ਪ੍ਰਤੀ ਸਾਲ ਔਸਤਨ ਅੰਕੜਾ 15,000 ਏਕੜ ਹੈ। ਪਰ ਪ੍ਰਤੱਖ ਵੇਖਦਿਆਂ ਇਹ ਖਪਤ ਇਨ੍ਹਾਂ ਅੰਕੜਿਆਂ ਤੋਂ ਦੁੱਗਣੀ ਜਾਪਦੀ ਹੈ। ਪ੍ਰਤੀ ਦਿਨ 60 ਤੋਂ 80 ਏਕੜ ਜ਼ਮੀਨ ਖੇਤੀ ਸੈਕਟਰ ਤੋਂ ਬਾਹਰ ਹੋ ਰਹੀ ਹੈ। ਅਧੂਰੇ ਅੰਕੜੇ ਪੇਸ਼ ਕਰ ਕੇ ਪੰਜਾਬ ਨੂੰ ਸ਼ੀਸ਼ੇ ਵਿੱਚ ਆਪਣਾ ਮੂੰਹ-ਮੁਹਾਂਦਰਾ ਦੇਖਣ ਤੋਂ ਵਾਂਝਾ ਰੱਖਿਆ ਜਾ ਰਿਹਾ ਹੈ।

ਘਰਾਂ ਦੀ ਲੋੜ ਅਤੇ ਕਾਲੋਨਾਈਜ਼ਰਾਂ ਦੁਆਰਾ ਕ੍ਰਮਵਾਰ ਲੋਕਾਂ ਤੇ ਕਿਸਾਨਾਂ ਦਾ ਸ਼ੋਸ਼ਣ ਲੈਂਡ ਪੂਲਿੰਗ ਨੀਤੀ ਦਾ ਆਧਾਰ ਬਣਿਆ। ਕੈਨੇਡਾ ਵਿੱਚ ਕਾਲੋਨਾਈਜ਼ਰਜ਼ ਨੂੰ 'ਡਿਵੈੱਲਪਰਜ਼' ਕਿਹਾ ਜਾਂਦਾ ਹੈ। ਉੱਥੇ ਡਿਵੈੱਲਪਰਜ਼ ਦੁਆਰਾ ਘਰਾਂ ਦੇ ਲੋੜਵੰਦਾਂ ਦਾ ਸ਼ੋਸ਼ਣ ਬਚਾਉਣ ਲਈ ਨੀਤੀ ਬਣਾ ਕੇ ਉਸ ਨੂੰ ਸਖ਼ਤੀ ਨਾਲ ਲਾਗੂ ਕੀਤਾ ਜਾਂਦਾ ਹੈ। ਇੰਪਰੂਵਮੈਂਟ ਟਰੱਸਟ, ਮਿਊਂਸੀਪਲ ਕਾਰਪੋਰੇਸ਼ਨ, ਗਲਾਡਾ, ਗਮਾਡਾ ਅਤੇ ਵੱਖੋ-ਵੱਖ ਸ਼ਹਿਰਾਂ ਦੀਆਂ ਡਿਵੈੱਲਪਮੈਂਟ ਅਥਾਰਟੀਆਂ ਆਪੋ-ਆਪਣੇ ਖੇਤਰ ਵਿੱਚ ਨਾਗਰਿਕਾਂ ਲਈ ਘਰਾਂ ਦੀ ਲੋੜ ਅਤੇ ਉਸਾਰੀ ਅਧੀਨ ਘਰਾਂ ਦੇ ਮਾਪਦੰਡਾਂ ਲਈ ਜ਼ਿੰਮੇਵਾਰ ਹਨ। ਪੁੱਡਾ ਅਤੇ ਰੇਰਾ ਚੰਡੀਗੜ੍ਹ ਵਿਖੇ ਮੁੱਖ ਸੰਸਥਾਵਾਂ ਹਨ। ਲੈਂਡ ਪੂਲਿੰਗ ਨੀਤੀ ਅਨੁਸਾਰ 65,533 ਏਕੜ ਵਿੱਚੋਂ 46,861 ਏਕੜ ਇਕੱਲੇ ਲੁਧਿਆਣੇ ਜ਼ਿਲ੍ਹੇ ਵਿੱਚੋਂ ਲਏ ਜਾਣੇ ਸਨ। ਇੰਪਰੂਵਮੈਂਟ ਟਰੱਸਟ, ਮਿਊਂਸਪਲ ਕਾਰਪੋਰੇਸ਼ਨ ਅਤੇ ਗਲਾਡਾ ਲੁਧਿਆਣਾ ਸ਼ਹਿਰ ਵਿੱਚ ਘਰ ਉਸਾਰੀ ਲਈ ਜ਼ਿੰਮੇਵਾਰ ਮੁੱਖ ਸੰਸਥਾਵਾਂ ਹਨ।

ਇਸ ਤੋਂ ਇਲਾਵਾ ਰੇਰਾ ਦੁਆਰਾ ਲੁਧਿਆਣੇ ਜ਼ਿਲ੍ਹੇ ਵਿੱਚ 120 ਪ੍ਰਾਜੈਕਟ ਪ੍ਰਾਈਵੇਟ ਡਿਵੈਲਪਰਾਂ ਵਲੋਂ ਪਾਸ ਕਰਵਾਏ ਗਏ ਹਨ। ਇਹ ਪ੍ਰਾਜੈਕਟ ਕਿੰਨੇ ਸਮੇਂ ਵਿੱਚ ਵਿਕਸਿਤ ਹੋਣੇ ਹਨ, ਇਸ ਬਾਰੇ ਪੁੱਡਾ ਜਾਂ ਰੇਰਾ ਕੋਲ ਸਖ਼ਤੀ ਨਾਲ ਲਾਗੂ ਕਰਨ ਵਾਲਾ ਕੋਈ ਆਧਾਰ ਨਹੀਂ। ਇਹ ਸੰਸਥਾਵਾਂ ਕੋਈ ਪੈਰਵੀ ਕਰਦੀਆਂ ਵੀ ਵਿਖਾਈ ਨਹੀਂ ਦਿੰਦੀਆਂ। ਲਾਈਟਾਂ, ਸੜਕਾਂ ਅਤੇ ਸੀਵਰੇਜ਼, ਏਨੇ ਨੂੰ ਹੀ ਵਿਕਾਸ ਦਾ ਮੁਕੰਮਲ ਆਧਾਰ ਮੰਨ ਲਿਆ ਜਾਂਦਾ ਹੈ। ਅਜਿਹੇ ਕਈ ਪ੍ਰਾਜੈਕਟ ਘਰ ਵਸੇਬੇ ਪੱਖੋਂ ਖ਼ਾਲੀ ਤੇ ਖ਼ਾਮੋਸ਼ ਪਏ ਹਨ। ਇਸੇ ਕੈਨਵਸ 'ਤੇ ਪ੍ਰਾਈਵੇਟ ਕਾਲੋਨਾਈਜਰਜ਼ ਗਹਿਗੱਚ ਪੱਧਰ ਦੀ ਨਾਜਾਇਜ਼ ਉਸਾਰੀ ਲਈ ਸਰਗਰਮ ਹਨ। ਲੈਂਡ ਪੂਲਿੰਗ ਨੀਤੀ ਵਿਰੁੱਧ ਸੰਘਰਸ਼ ਦੌਰਾਨ 30 ਹਜ਼ਾਰ ਨਾਜਾਇਜ਼ ਕਾਲੋਨੀਆਂ ਦਾ ਜ਼ਿਕਰ ਹੋਇਆ ਹੈ।

ਕੁੱਲ ਰਕਬੇ ਨੂੰ ਖੇਤੀ, ਮਕਾਨ ਉਸਾਰੀ, ਅਰਬਨ ਅਸਟੇਟ, ਉਦਯੋਗਿਕ, ਕਮਰਸ਼ੀਅਲ, ਜੰਗਲਾਤ ਆਦਿ ਖੇਤਰਾਂ ਵਿੱਚ ਵੰਡਿਆ ਤੇ ਰਾਖਵਾਂ ਰੱਖਿਆ ਜਾਂਦਾ ਹੈ। ਨਿਰਧਾਰਤ ਖੇਤਰ ਤੋਂ ਇਲਾਵਾ ਕਿਸੇ ਹੋਰ ਖੇਤਰ ਲਈ ਜ਼ਮੀਨ ਵਰਤਣ ਸਮੇਂ ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਨਾਲ ਸੰਬੰਧਿਤ ਸੰਸਥਾਵਾਂ ਤੋਂ ਜ਼ਮੀਨ ਦੀ ਵਰਤੋਂ ਸੰਬੰਧੀ ਤਬਦੀਲੀ ਦਾ (ਸੀ.ਐਲ.ਯੂ.) ਦਾ ਸਰਟੀਫਿਕੇਟ ਲੈਣਾ ਜ਼ਰੂਰੀ ਹੈ। ਵਿਦੇਸ਼ਾਂ ਵਿੱਚ ਅਜਿਹਾ ਬਦਲਾਅ ਹਾਸਿਲ ਕਰਨ ਲਈ ਇੱਕ ਕਰੜੀ ਪ੍ਰੀਖਿਆ ਤੇ ਬੰਦਿਸ਼ਾਂ ਵਿੱਚੋਂ ਲੰਘਣਾ ਪੈਂਦਾ ਹੈ। ਪਰ ਪ੍ਰਾਂਤ ਵਿੱਚ ਸਰਕਾਰੀ ਫ਼ੀਸ 'ਤੇ ਕੁਝ ਵੱਧ ਰਕਮ ਅਦਾ ਕਰ ਕੇ ਸਰਟੀਫਿਕੇਟ ਆਸਾਨੀ ਨਾਲ ਹਾਸਿਲ ਕਰ ਲਏ ਜਾਂਦੇ ਹਨ। ਪ੍ਰਾਂਤ ਵਿੱਚ ਸੀ.ਐੱਲ.ਯੂ. ਦੀ ਹੋਂਦ ਮਦਾਰੀ ਦੇ ਝੁਰਲੂ ਵਰਗੀ ਹੈ, ਜੋ ਹਵਾ ਵਿੱਚ ਮੁੱਲਵਾਨ ਵਸਤਾਂ ਤੇ ਪੈਸੇ ਇਕੱਠੇ ਕਰ ਲੈਂਦਾ ਹੈ, ਇਹੋ ਪ੍ਰਾਂਤ ਦੀ ਵਾਹੀਯੋਗ ਜ਼ਮੀਨ ਦੇ ਤੇਜ਼ੀ ਨਾਲ ਖ਼ਾਤਮੇ ਦਾ ਕਾਰਨ ਵੀ ਬਣਿਆ ਹੈ।

ਪੰਜਾਬ ਖੇਤੀ ਪ੍ਰਧਾਨ ਸੂਬਾ ਹੈ। 1968-69 ਵਿੱਚ ਪੰਜਾਬ ਨੇ ਕੇਂਦਰੀ ਪੂਲ ਵਿੱਚ 78.5%, 2005 ਵਿੱਚ 75.3 ਅਤੇ ਇਸ ਵਰ੍ਹੇ 40% ਕਣਕ ਦਾ ਯੋਗਦਾਨ ਪਾਇਆ ਹੈ। ਔਸਤਨ ਹਰ ਵਰ੍ਹੇ ਪੰਜਾਬ 35-40% ਕਣਕ ਅਤੇ 20-25% ਚੌਲਾਂ ਦਾ ਯੋਗਦਾਨ ਪਾ ਰਿਹਾ ਹੈ। ਆਈ. ਟੀ. ਸੈਕਟਰ, ਉਦਯੋਗ, ਖਣਿਜ ਪਦਾਰਥ, ਅੰਤਰਰਾਸ਼ਟਰੀ ਸਰਹੱਦਾਂ 'ਤੇ ਵਪਾਰ ਦੀ ਸੰਭਾਵਨਾ ਇਨ੍ਹਾਂ ਵਿੱਚੋਂ ਕੋਈ ਵੀ ਖੇਤਰ ਲੋੜੀਂਦਾ ਰੁਜ਼ਗਾਰ ਮੁਹੱਈਆ ਕਰਵਾਉਣ ਦੀ ਸਮਰੱਥਾ ਨਹੀਂ ਰੱਖਦਾ। ਪੰਜਾਬ ਕੋਲ ਇਸ ਸਮੇਂ ਸਿਰਫ਼ ਅਨਾਜ ਉਤਪਾਦਨ ਦੀ ਵਿਸ਼ੇਸ਼ਤਾ ਹੈ। ਸੋ, ਪ੍ਰਾਂਤ ਵਿੱਚ ਵਾਹੀਯੋਗ ਜ਼ਮੀਨ ਦੀ ਕਿਸੇ ਹੋਰ ਕਿੱਤੇ ਲਈ ਵਰਤੋਂ ਦਾ ਮੁੱਦਾ ਵਿਸ਼ੇਸ਼ ਧਿਆਨ ਦੀ ਮੰਗ ਕਰਦਾ ਹੈ। ਜ਼ਮੀਨ ਹੁਣ ਪ੍ਰਾਂਤ ਲਈ ਅਤਿ ਸੰਵੇਦਨਸ਼ੀਲ ਵਿਸ਼ਾ ਹੈ। ਸੋ, ਮਕਾਨ ਉਸਾਰੀ ਤੇ ਸ਼ਹਿਰੀ ਵਿਕਾਸ ਨਾਲ ਸੰਬੰਧਿਤ ਸੰਸਥਾਵਾਂ ਨੂੰ ਚੌਕਸ ਤੇ ਸੰਵੇਦਨਸ਼ੀਲ ਹੋਣ ਦੀ ਲੋੜ ਹੈ।

ਇਹ ਸੰਘਰਸ਼ ਕਿਸਾਨ ਜਥੇਬੰਦੀਆਂ ਦੇ ਮਿਲਵਰਤਨ ਤੇ ਅਨੁਸ਼ਾਸਨ ਕਾਰਨ ਨੇਪਰੇ ਚੜ੍ਹਿਆ ਹੈ। ਕਿਸਾਨਾਂ ਦੇ ਸੜਕੀ ਆਵਾਜਾਈ ਨਾ ਰੋਕਣ ਦੇ ਫ਼ੈਸਲੇ ਨੇ ਲੋਕਾਂ ਦਾ ਵਿਸ਼ਵਾਸ ਜਿੱਤਿਆ ਹੈ। ਰੈਲੀਆਂ, ਟਰੈਕਟਰ, ਮੋਟਰਸਾਈਕਲ ਮਾਰਚ ਪ੍ਰਭਾਵਸ਼ਾਲੀ ਰਹੇ। ਔਰਤਾਂ ਦੀ ਸ਼ਮੂਲੀਅਤ ਨੇ ਇਸ ਸੰਘਰਸ਼ ਨੂੰ ਪ੍ਰਪੱਕ ਕੀਤਾ ਹੈ। ਕਿਰਤੀ, ਕਾਮੇ ਤੇ ਵਪਾਰੀ ਇਸ ਜੱਦੋ-ਜਹਿਦ ਦਾ ਹਿੱਸਾ ਬਣੇ। ਉਨ੍ਹਾਂ ਦੀ ਹਾਜ਼ਰੀ ਇਸ ਸੰਘਰਸ਼ ਦਾ ਹਾਸਿਲ ਹੈ।

ਇਹ ਸੰਘਰਸ਼ ਕਿਸਾਨ ਜਥੇਬੰਦੀਆਂ ਦੇ ਮਿਲਵਰਤਨ ਤੇ ਅਨੁਸ਼ਾਸਨ ਕਾਰਨ ਨੇਪਰੇ ਚੜ੍ਹਿਆ ਹੈ। ਕਿਸਾਨਾਂ ਦੇ ਸੜਕੀ ਆਵਾਜਾਈ ਨਾ ਰੋਕਣ ਦੇ ਫ਼ੈਸਲੇ ਨੇ ਲੋਕਾਂ ਦਾ ਵਿਸ਼ਵਾਸ ਜਿੱਤਿਆ ਹੈ। ਰੈਲੀਆਂ, ਟਰੈਕਟਰ, ਮੋਟਰਸਾਈਕਲ ਮਾਰਚ ਪ੍ਰਭਾਵਸ਼ਾਲੀ ਰਹੇ। ਔਰਤਾਂ ਦੀ ਸ਼ਮੂਲੀਅਤ ਨੇ ਇਸ ਸੰਘਰਸ਼ ਨੂੰ ਪ੍ਰਪੱਕ ਕੀਤਾ ਹੈ। ਕਿਰਤੀ, ਕਾਮੇ ਤੇ ਵਪਾਰੀ ਇਸ ਜੱਦੋ-ਜਹਿਦ ਦਾ ਹਿੱਸਾ ਬਣੇ। ਉਨ੍ਹਾਂ ਦੀ ਹਾਜ਼ਰੀ ਇਸ ਸੰਘਰਸ਼ ਦਾ ਹਾਸਿਲ ਹੈ।




ਅਜਿਹੇ ਸੰਘਰਸ਼ (2020 ਤੇ 2025) ਕੇਵਲ ਇੱਕ ਮਕਸ਼ਦ ਲਈ ਨਹੀਂ ਹੁੰਦੇ। ਇਹ ਲੋਕਾਈ ਨੂੰ ਅਗਲੇ ਸਫ਼ਰ ਲਈ ਮਹੱਤਵਪੂਰਨ ਮੰਚ ਮੁਹੱਈਆ ਕਰਾਉਂਦੇ ਹਨ। 2020 ਦਾ ਅਜਿਹਾ ਮੌਕਾ ਅਸੀਂ ਗੁਆ ਆਏ ਹਾਂ।

ਮੁਫ਼ਤ ਸਹੂਲਤਾਂ ਦੇਣ ਦੀ ਥਾਂ ਪੇਂਡੂ ਵਿਕਾਸ ਅਤੇ ਖੇਤੀ ਸੈਕਟਰ ਵਿੱਚ ਨਿਵੇਸ਼ ਕਰਨ ਲਈ ਸਰਕਾਰ ਨੂੰ ਅਪੀਲ ਕਰਨੀ ਚਾਹੀਦੀ ਹੈ। ਪਿੰਡਾਂ ਨੂੰ ਖਿੱਚ ਦਾ ਕੇਂਦਰ ਬਣਾਈਏ। ਸਮਾਜਿਕ ਸਮਾਗਮਾਂ ਖ਼ਾਸ ਤੌਰ 'ਤੇ ਵਿਆਹਾਂ 'ਤੇ ਖ਼ਰਚਿਆਂ ਨੂੰ ਹਜ਼ਾਰਾਂ ਤੱਕ ਸੀਮਤ ਰੱਖੀਏ। ਭਾਈਚਾਰਕ ਤੰਦਾਂ ਨੂੰ ਮਜ਼ਬੂਤ ਕਰੀਏ। ਕਿਸੇ ਵੀ ਹਾਲਤ ਵਿੱਚ ਜ਼ਮੀਨ ਨਾ ਵੇਚੀ ਜਾਵੇ, ਕਿਸਾਨ ਜਥੇਬੰਦੀਆਂ ਲਈ ਇਹ ਵੱਡੀ ਚੁਣੌਤੀ ਹੈ।

**ਲੇਖਕ ਸਾਬਕਾ ਆਈ.ਏ.ਐੱਸ. ਅਧਿਕਾਰੀ ਹਨ**

# ਪਮੇਟੀ ਆਧੁਨਿਕ ਖੇਤੀ ਸਿਖਲਾਈ ਕੇਂਦਰ

ਪਮੇਟੀ ਨੂੰ ਦੇਸ਼ ਦੀ ਖੇਤੀ ਸੰਬੰਧੀ ਸਿਖਲਾਈ ਦੀ ਇੱਕ ਵਧੀਆ ਸੰਸਥਾ ਮੰਨਿਆ ਜਾਂਦਾ ਹੈ। ਆਧੁਨਿਕ ਸਿਖਲਾਈ ਸਹੂਲਤਾਂ ਦੇ ਨਾਲੋਂ-ਨਾਲ ਇੱਥੋਂ ਦਾ ਸਟਾਫ ਵੀ ਜਿਥੇ ਆਪਣੇ ਵਿਸ਼ੇ ਵਿੱਚ ਮਾਹਿਰ ਹੈ ਉਥੇ ਉਨ੍ਹਾਂ ਦਾ ਵਤੀਰਾ ਵੀ ਅਜੇਹਾ ਹੈ ਜਿਸ ਕਰਕੇ ਇਥੋਂ ਦੇ ਸਿਖਲਾਈ ਪ੍ਰੋਗਰਾਮ ਸਿੱਖਿਆਰਥੀਆਂ ਵਿੱਚ ਹਰਮਨ ਪਿਆਰੇ ਬਣ ਜਾਂਦੇ ਹਨ। ਪੰਜਾਬ ਐਗਰੀਕਲਚਰਲ ਯੂਨੀਵਰਸਿਟੀ ਵਿਖੇ ਇਸ ਦੀ ਹੋਂਦ ਸੋਨੇ ਉਤੇ ਸੁਹਾਗੇ ਦਾ ਕੰਮ ਕਰਦੀ ਹੈ। ਕਿਉਂਕਿ ਯੂਨੀਵਰਸਿਟੀ ਦੇ ਮਾਹਿਰ ਅਤੇ ਇੱਥੋਂ ਦੇ ਖੋਜ ਕੇਂਦਰ ਸਿਖਲਾਈ ਦੇਣ ਲਈ ਹਮੇਸ਼ਾ ਤਿਆਰ ਰਹਿੰਦੇ ਹਨ। ਇਸ ਸੰਸਥਾ ਦਾ ਗਠਨ ਵਿਸ਼ਵ ਬੈਂਕ ਸਹਾਇਤਾ ਨਾਲ ਸ਼ੁਰੂ ਹੋਏ ਕੇਂਦਰ ਸਰਕਾਰ ਦੇ ਇਕ ਪ੍ਰੋਗਰਾਮ ਅਧੀਨ ਹੋਇਆ ਸੀ। ਇਸ ਪ੍ਰੋਗਰਾਮ ਦਾ ਮੁੱਖ ਮੰਤਵ ਜਿਵੇਂ ਦੇਸ਼ ਦੀ ਖੇਤੀ ਦਾ ਵਿਕਾਸ ਕਰਨਾ ਹੈ ਉਥੇ ਕਿਸਾਨਾਂ ਦੀ ਆਮਦਨ ਵਿੱਚ ਵਾਧਾ ਕਰਨਾ ਵੀ ਹੈ। ਸਾਰੇ ਪ੍ਰੋਗਰਾਮ ਵਿੱਚ ਕਿਸਾਨਾਂ ਦੀ ਪੂਰੀ ਭਾਗੀਦਾਰੀ ਹੈ। ਪਮੇਟੀ ਦਾ ਮੁੱਖ ਮੰਤਵ ਕਿਸਾਨਾਂ ਨੂੰ ਖੇਤੀ ਦੀ ਆਧੁਨਿਕ ਢੰਗ ਤਰੀਕਿਆਂ ਬਾਰੇ ਜਾਣਕਾਰੀ ਦੇਣ ਵਾਲੇ ਅਧਿਕਾਰੀਆਂ ਨੂੰ ਸਿਖਲਾਈ ਦੇਣਾ ਹੈ ਤਾਂ ਜੋ ਉਹ ਕਿਸਾਨਾਂ ਨੂੰ ਨਵੇਂ ਢੰਗ ਤਰੀਕਿਆਂ ਬਾਰੇ ਕੇਵਲ ਜਾਣਕਾਰੀ ਹੀ ਨਾ ਦੇਣ ਸਗੋਂ ਉਨ੍ਹਾਂ ਨੂੰ ਅਪਣਾਉਣ ਵਿੱਚ ਹਰ ਤਰ੍ਹਾਂ ਦੀ ਸਹਾਇਤਾ ਵੀ ਕਰਨ। ਸਰਕਾਰ ਵੱਲੋਂ ਕਿਸਾਨਾਂ ਨੂੰ ਦਿੱਤੀਆਂ ਜਾਣ ਵਾਲੀਆਂ ਸਹੂਲਤਾਂ ਤੋਂ ਜਾਣੂ ਕਰਵਾ ਕੇ ਇਨ੍ਹਾਂ ਦੀ ਪ੍ਰਾਪਤੀ ਲਈ ਸਹਾਇਤਾ ਕਰਨਾ ਵੀ ਇਨ੍ਹਾਂ ਅਧਿਕਾਰੀਆਂ ਦੀ ਹੀ ਜ਼ੁੰਮੇਵਾਰੀ ਹੈ। ਸਰਕਾਰੀ ਕਰਮਚਾਰੀਆਂ ਨੂੰ ਇਸ ਸੰਸਥਾ ਵੱਲੋਂ ਕੇਵਲ ਤਕਨੀਕੀ ਅਤੇ ਹੋਰ ਜਾਣਕਾਰੀ ਹੀ ਨਹੀਂ ਦਿੱਤੀ ਜਾਂਦੀ ਸਗੋਂ ਇਸ ਜਾਣਕਾਰੀ ਨੂੰ ਕਿਸਾਨਾਂ ਤੱਕ ਪਹੁੰਚਾਉਣ ਅਤੇ ਅਪਣਾਉਣ ਲਈ ਉਤਸ਼ਾਹਿਤ ਕਰਨ ਦੇ ਢੰਗ ਤਰੀਕਿਆਂ ਦੀ ਜਾਣਕਾਰੀ ਵੀ ਦਿੱਤੀ ਜਾਂਦੀ ਹੈ।



ਡਾ. ਰਣਜੀਤ ਸਿੰਘ

ਇਸ ਵੱਲੋਂ ਪਿਛਲੇ ਕਈ ਸਾਲਾਂ ਤੋਂ ਇੱਕ ਵਿਸ਼ੇਸ਼ ਪ੍ਰੋਗਰਾਮ ਸਫ਼ਲਤਾਪੂਰਵਕ ਚਲਾਇਆ ਜਾ ਰਿਹਾ ਹੈ ਜਿਸ ਅਧੀਨ ਪਿੰਡਾਂ ਦੇ ਨੌਜਵਾਨਾਂ ਨੂੰ ਖੇਤੀ ਆਧਾਰਿਤ ਸਹਾਇਤਾ ਕੇਂਦਰ ਖੋਲ੍ਹਣ ਲਈ ਸਿਖਲਾਈ ਦੇ ਕੇ ਤਿਆਰ ਕੀਤਾ ਜਾਂਦਾ ਹੈ। ਇਹ ਕਲਾਸ ਹਫ਼ਤੇ ਵਿੱਚ ਇੱਕ ਦਿਨ ਸ਼ਨੀਵਾਰ ਨੂੰ ਲੱਗਦੀ ਹੈ। ਇਸ ਸਿਖਲਾਈ ਨੂੰ ਇਤਨਾ ਰੋਚਕ ਅਤੇ ਗੁਣਕਾਰੀ ਬਣਾਇਆ ਗਿਆ ਹੈ ਕਿ ਸਿੱਖਿਆਰਥੀ ਸਾਰੇ ਪੰਜਾਬ ਵਿੱਚੋਂ ਆ ਕੇ ਪੂਰੀ ਦਿਲਚਸਪੀ ਨਾਲ ਇਸ ਨੂੰ ਪੂਰਾ ਕਰਦੇ ਹਨ।

ਇਸ ਕੇਂਦਰ ਦੀ ਇੱਕ ਹੋਰ ਉਪਲਬਧੀ ਗੁਣਕਾਰੀ ਜੜ੍ਹੀ ਬੂਟਿਆਂ ਦੀ ਬਗੀਚੀ ਦੀ ਸਥਾਪਨਾ ਹੈ। ਲਗਭਗ ਸਾਰੀਆਂ ਹੀ ਗੁਣਕਾਰੀ ਜੜ੍ਹੀ ਬੂਟੀਆਂ ਨੂੰ ਇਸ ਵਿੱਚ ਉਗਾਇਆ ਗਿਆ ਹੈ। ਇਹ ਬਗੀਚੀ ਆਉਣ ਵਾਲਿਆਂ ਨੂੰ ਆਮ ਬਿਮਾਰੀਆਂ ਦੀ ਰੋਕਥਾਮ ਲਈ ਇਨ੍ਹਾਂ ਜੜ੍ਹੀ ਬੂਟਿਆਂ ਦੀ ਵਰਤੋਂ ਲਈ ਵੀ ਉਤਸ਼ਾਹਿਤ ਕਰਦੀ ਹੈ।

ਇਸ ਕੇਂਦਰ ਦਾ ਰਸਮੀ ਉਦਘਾਟਨ ਉਦੋਂ ਦੇਸ਼ ਦੇ ਰਾਸ਼ਟਰਪਤੀ ਡਾ. ਅਬਦੁਲ ਕਲਾਮ ਹੋਰਾਂ ਕੀਤਾ ਸੀ। ਉਨ੍ਹਾਂ ਦਾ ਜੀਵਨ ਅਤੇ ਕਾਰਜਸ਼ੈਲੀ ਇੱਥੋਂ ਦੇ ਕਰਮਚਾਰੀਆਂ ਅਤੇ ਮਾਹਿਰਾਂ ਲਈ ਮਾਰਗ ਦਰਸ਼ਨ ਬਣਿਆ ਹੋਇਆ ਹੈ। ਇੱਥੋਂ



ਦੇ ਪਹਿਲੇ ਡਾਇਰੈਕਟਰ ਡਾ. ਬਰਾੜ ਅਤੇ ਮੌਜੂਦਾ ਡਾਇਰੈਕਟਰ ਡਾ. ਕੇ ਵੀ ਸਿੰਘ ਅਤੇ ਸਮੇਂ-ਸਮੇਂ ਰਹੇ ਡਾਇਰੈਕਟਰ ਅਤੇ ਦੂਜੇ ਸਟਾਫ਼ ਮੈਂਬਰਾਂ ਲਈ ਡਾ. ਕਲਾਮ ਦਾ ਜੀਵਨ ਇੱਕ ਆਦਰਸ਼ ਬਣਿਆ ਹੋਇਆ ਹੈ। ਉਨ੍ਹਾਂ ਵੱਲੋਂ ਸਥਾਪਿਤ ਕਦਰਾਂ ਕੀਮਤਾਂ ਅਨੁਸਾਰ ਆਪਣੇ ਆਪ ਨੂੰ ਢਾਲ ਇਸ ਸੰਸਥਾ ਨੂੰ ਚੜ੍ਹਦੀ ਕਲਾ ਵਿੱਚ ਰੱਖਣ ਦਾ ਸਾਰਿਆਂ ਵੱਲੋਂ ਪੂਰੀ ਇਮਾਨਦਾਰੀ ਅਤੇ ਲਗਨ ਨਾਲ ਯਤਨ ਕੀਤਾ ਜਾਂਦਾ ਹੈ। ਮੈਨੂੰ ਮੁੱਢ ਤੋਂ ਹੀ ਇਸ ਨਾਲ ਜੁੜੇ ਹੋਣ ਦਾ ਸੁਭਾਗ ਪ੍ਰਾਪਤ ਹੋਇਆ ਹੈ। ਉਮੀਦ ਹੈ ਕਿ ਇਹ ਸੰਸਥਾ ਭਵਿੱਖ ਵਿੱਚ ਇਸੇ ਤਰ੍ਹਾਂ ਪੂਰੀ ਲਗਨ ਨਾਲ ਆਪਣੇ ਮਿੱਥੇ ਮੰਤਵਾਂ ਦੀ ਪੂਰਤੀ ਲਈ ਯਤਨ ਕਰਦੀ ਰਹੇਗੀ। ਪੰਜਾਬ ਖੇਤੀ ਪ੍ਰਬੰਧ ਅਤੇ ਪਸਾਰ ਸਿਖਲਾਈ ਸੰਸਥਾ ਵਿੱਚ ਉਹ ਸਾਰੀਆਂ ਸਹੂਲਤਾਂ ਹਨ ਜਿਨ੍ਹਾਂ ਦੀ ਸਹਾਇਤਾ ਨਾਲ ਸਿਖਲਾਈ ਨੂੰ ਰੋਚਕ ਅਤੇ ਅਸਰਦਾਰ ਬਣਾਇਆ ਜਾ ਸਕੇ। ਸਿੱਖਿਆ ਪ੍ਰਾਪਤ ਕਰਨ ਵਾਲੇ ਸਿੱਖਿਆਰਥੀਆਂ ਦੀ ਰਿਹਾਇਸ਼ ਲਈ ਵੀ ਵਧੀਆ ਹੋਸਟਲ ਹੈ।

# ਲਾਹੇਵੰਦ ਹੈ ਮੱਛੀ ਪਾਲਣ ਦਾ ਧੰਦਾ

ਜਿੱਥੇ ਇੱਕ ਮੱਛੀ ਪਾਲਕ ਰਵਾਇਤੀ ਫ਼ਸਲਾਂ ਦੇ ਚੱਕਰ ਵਿੱਚੋਂ ਨਿਕਲ ਕੇ ਮੱਛੀ ਪਾਲਣ ਕਿੱਤੇ ਨੂੰ ਅਪਣਾ ਕੇ ਅਨੇਕ ਲੋਕਾਂ ਨੂੰ ਰੁਜ਼ਗਾਰ ਦੇ ਰਿਹਾ ਹੈ, ਉੱਥੇ ਸਾਡੇ ਵਿਗਿਆਨੀਆਂ/ਖੋਜ ਕਰਤਾਵਾਂ ਵੱਲੋਂ ਨਵੀਆਂ ਤਕਨੀਕਾਂ ਦੀ ਕਾਢ ਨਾਲ ਇਸ ਕਿੱਤੇ ਨੂੰ ਪ੍ਰਫੁੱਲਿਤ ਕਰਨ ਲਈ ਲਗਾਤਾਰ ਯਤਨ ਕੀਤੇ ਜਾ ਰਹੇ ਹਨ। ਸਰਕਾਰ ਅਤੇ ਮੱਛੀ ਪਾਲਣ ਵਿਭਾਗ ਦੁਆਰਾ ਨਵੀਆਂ-ਨਵੀਆਂ ਸਕੀਮਾਂ ਅਤੇ ਟ੍ਰੇਨਿੰਗ ਪ੍ਰੋਗਰਾਮਾਂ ਰਾਹੀਂ ਇਨ੍ਹਾਂ ਤਕਨੀਕਾਂ ਨੂੰ ਲੋਕਾਂ ਤੱਕ ਪਹੁੰਚਾਇਆ ਜਾ ਰਿਹਾ ਹੈ ਤਾਂ ਜੋ ਇਸ ਖੇਤਰ ਨੂੰ ਵੱਧ ਤੋਂ ਵੱਧ ਹੁਲਾਰਾ ਦੇ ਕੇ ਮੱਛੀ ਪਾਲਕਾਂ ਦੀ ਆਮਦਨ ਵਿੱਚ ਵੱਡਾ ਵਾਧਾ ਕੀਤਾ ਜਾ ਸਕੇ।

**ਪੰਜਾਬ ਵਿੱਚ 16 ਸਰਕਾਰੀ ਮੱਛੀ ਪੂੰਗ ਫਾਰਮ ਚੱਲ ਰਹੇ ਹਨ, ਜਿਨ੍ਹਾਂ ਦੁਆਰਾ ਕਰੀਬ 13.90 ਕਰੋੜ ਮੱਛੀ ਪੱਗੂ ਪੈਦਾ ਕੀਤਾ ਗਿਆ ਹੈ...**



## ਮੱਛੀ ਪੂੰਗ ਪੈਦਾ ਕਰਨ ਦੀ ਖੋਜ

ਪਿਛੋਕੜ 'ਤੇ ਝਾਤ ਮਾਰੀਏ ਤਾਂ ਮੱਛੀ ਪਾਲਣ ਵਿਭਾਗ ਦੀ ਹੋਂਦ ਪੰਜਾਬ ਰਾਜ ਦੇ ਲਈ ਵਿਭਾਗਾਂ ਤੋਂ ਪਹਿਲਾਂ (1912) ਵਿੱਚ ਹੋਈ ਪਰ ਅਸਲ ਕ੍ਰਾਂਤੀ ਸਾਡੇ ਮਹਾਨ ਵਿਗਿਆਨੀਆਂ ਡਾ. ਹੀਰਾ ਲਾਲ ਚੌਧਰੀ ਤੇ ਕੇ.ਐੱਚ. ਅਲੀਕੁਨੀ ਦੁਆਰਾ ਉੜੀਸਾ ਵਿੱਚ 10 ਜੁਲਾਈ 1957 ਵਿੱਚ ਕੀਤੀ ਗਈ ਨਵੀਂ ਖੋਜ Induce Breeding (Hypophysation) ਦੁਆਰਾ ਪਹਿਲੀ ਵਾਰ ਮੱਛੀ ਪੂੰਗ ਪੈਦਾ ਕਰਨ ਵਿੱਚ ਸਫ਼ਲ ਹੋਣ ਨਾਲ ਹੋਈ। ਇਸ ਟੈਕਨੋਲੋਜੀ ਦੀ ਵਰਤੋਂ ਨਾਲ ਮੌਨਸੂਨ ਸੀਜ਼ਨ ਵਿੱਚ ਮੱਛੀ ਦਾ ਪੂੰਗ ਪੈਦਾ ਕਰ ਕੇ ਆਈਐਮਸੀ (Indian Major Carps) ਕਤਲਾ, ਰੋਹੂ, ਮੁਰਾਖ ਪਾਲਣ ਯੋਗ ਪ੍ਰਜਾਤੀਆਂ ਦਾ ਪੂੰਗ ਕਰਨ ਵਿੱਚ ਆਸਾਨੀ ਹੋਈ ਜਿੱਥੇ ਕਿ ਪਹਿਲਾਂ ਮੱਛੀ ਦਾ ਪੂੰਗ ਪ੍ਰਾਪਤ ਕਰਨ ਲਈ ਕੁਦਰਤੀ ਸੋਮਿਆਂ (ਨਹਿਰਾਂ, ਨਦੀਆਂ, ਝੀਲਾਂ ਆਦਿ) 'ਤੇ ਹੀ ਨਿਰਭਰ ਰਹਿਣਾ ਪੈਂਦਾ ਸੀ, ਜਿਸ ਵਿੱਚ ਕਾਫ਼ੀ ਮਿਹਨਤ ਲੱਗਦੀ ਸੀ। ਇਸ ਪ੍ਰਕਿਰਿਆ ਦੌਰਾਨ ਮੌਤ ਦਰ (Martality Rate) ਕਾਫ਼ੀ ਜ਼ਿਆਦਾ ਹੁੰਦੀ ਸੀ ਕਿਉਂਕਿ ਬੱਚੇ ਨੂੰ ਇਕੱਤਰ ਕਰਨ ਅਤੇ ਇੱਕ ਸਥਾਨ ਤੋਂ ਦੂਜੀ ਸਥਾਨ ਤੱਕ ਲਿਜਾਣ ਵਿੱਚ ਆਕਸੀਜਨ ਦੀ ਘਾਟ ਕਾਰਨ, ਜ਼ਖ਼ਮੀ ਹੋ ਜਾਣ ਕਾਰਨ ਕਾਫ਼ੀ ਮੱਛੀ ਪੂੰਗ ਮਰ ਜਾਂਦਾ ਸੀ।

## ਨੀਲੀ ਕ੍ਰਾਂਤੀ ਦੇ ਵਿਕਾਸ ਵਿੱਚ ਵੱਡੀ ਦੇਣ

ਇਹ ਮਹਾਨ ਵਿਗਿਆਨੀਆਂ ਦੀ ਕਾਢ ਹੀ ਨਹੀਂ, ਸਗੋਂ ਸਾਡੇ ਮੱਛੀ ਪਾਲਣ ਦੇ ਖੇਤਰ ਦੇ ਵਿਕਾਸ ਲਈ ਮਹੱਤਵਪੂਰਨ ਦੇਣ ਹੈ। ਡਾ. ਹੀਰਾ ਲਾਲ ਚੌਧਰੀ ਦੁਆਰਾ ਕੀਤੀਆਂ ਅਨੇਕ ਖੋਜਾਂ ਦੀ ਨੀਲੀ ਕ੍ਰਾਂਤੀ ਦੇ ਵਿਕਾਸ ਵਿੱਚ ਬਹੁਤ ਵੱਡੀ ਦੇਣ ਹੈ। ਮੱਛੀ ਪਾਲਣ ਦੇ ਖੇਤਰ ਦੇ ਉੱਚਾਈਆਂ ਨੂੰ ਛੂਹਣ ਲਈ ਪੰਜਾਬ ਸਰਕਾਰ ਅਤੇ ਮੱਛੀ ਪਾਲਣ ਵਿਭਾਗ ਦੇ ਯਤਨਾਂ ਸਦਕਾ ਅੱਜ ਪੰਜਾਬ ਵਿੱਚ 16 ਸਰਕਾਰੀ ਮੱਛੀ ਪੂੰਗ ਫਾਰਮ ਚੱਲ ਰਹੇ ਹਨ, ਜਿਨ੍ਹਾਂ ਦੁਆਰਾ (ਸਾਲ 2023-24) 13.90 ਕਰੋੜ ਮੱਛੀ ਪੂੰਗ ਪੈਦਾ ਕੀਤਾ ਗਿਆ ਅਤੇ ਲਗਭਗ 43,972 ਏਕੜ ਰਕਬਾ ਮੱਛੀ ਪਾਲਣ ਅਤੇ ਲਗਭਗ 1315 ਏਕੜ ਰਕਬਾ ਝੀਂਗਾ ਪਾਲਣ ਅਧੀਨ ਹੈ।

**ਰੁਜ਼ਗਾਰ ਦੇ ਚੰਗੇ ਮੌਕੇ**



ਲਗਾਤਾਰ ਟ੍ਰੇਨਿੰਗਾਂ ਅਤੇ ਕੈਂਪਾਂ ਰਾਹੀਂ ਕਿਸਾਨਾਂ ਨੂੰ ਇਸ ਕਿੱਤੇ ਨੂੰ ਅਪਣਾ ਕੇ ਖੇਤੀ ਵਿਭਿੰਨਤਾ ਤੇ ਰੁਜ਼ਗਾਰ ਦੇ ਸਾਧਨ ਪੈਦਾ ਕਰਨ ਦੇ ਯਤਨ ਕੀਤੇ ਜਾ ਰਹੇ ਹਨ। ਅੱਜ ਫ਼ਸਲੀ ਵਿਭਿੰਨਤਾ ਸਮੇਂ ਦੀ ਵੱਡੀ ਲੋੜ ਹੈ। ਇਸ ਲਈ ਕਿਸਾਨ ਮੱਛੀ ਪਾਲਣ ਵਿਭਾਗ ਨਾਲ ਰਾਬਤਾ ਬਣਾ ਕੇ ਇਸ ਖੇਤਰ ਵੱਲ ਕਦਮ ਵਧਾਉਣ ਤਾਂ ਜੋ ਚੰਗੀ ਆਮਦਨ ਅਤੇ ਚੰਗੀ ਸਿਹਤ ਨਾਲ ਖੁਸ਼ਹਾਲੀ ਦੇ ਦਰ ਖੋਲ੍ਹੇ ਜਾ ਸਕਣ।

## ਉਤਸ਼ਾਹਿਤ ਹੋ ਰਿਹੈ ਝੀਂਗਾ ਪਾਲਣ

ਪੰਜਾਬ ਰਾਜ ਦੇ ਸੇਮ ਅਤੇ ਖਾਰੇ ਪਾਣੀ ਨਾਲ ਪ੍ਰਭਾਵਿਤ ਇਲਾਕਿਆਂ ਵਿੱਚ ਝੀਂਗਾ ਪਾਲਣ ਬਹੁਤ ਉਤਸ਼ਾਹਿਤ ਹੋ ਰਿਹਾ ਹੈ। ਸੇਮ ਨਾਲ ਪ੍ਰਭਾਵਿਤ ਜ਼ਿਲ੍ਹੇ ਬਠਿੰਡਾ, ਮਾਨਸਾ, ਫਰੀਦਕੋਟ, ਫਾਜ਼ਿਲਕਾ ਅਤੇ ਸ੍ਰੀ ਮੁਕਤਸਰ ਸਾਹਿਬ ਵਿੱਚ ਖੇਤੀ ਤੋਂ ਰਹਿਤ ਪਈਆਂ ਬੰਜਰ ਜ਼ਮੀਨਾਂ ਵਿੱਚ ਝੀਂਗਾ ਪਾਲਣ ਕਰ ਕੇ ਚੰਗਾ ਮੁਨਾਫ਼ਾ ਕਮਾਇਆ ਜਾ ਸਕਦਾ ਹੈ। ਝੀਂਗਾ ਪਾਲਣ ਖੇਤੀ ਦੇ ਪ੍ਰਸਾਰ ਲਈ ਪਿੰਡ ਈਨਾ ਖੇੜਾ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਵਿੱਚ ਡੈਮੋਸਟ੍ਰੇਸ਼ਨ ਫਾਰਮ-ਕਮ-ਟ੍ਰੇਨਿੰਗ ਸੈਂਟਰ ਸਥਾਪਿਤ ਕੀਤਾ ਗਿਆ ਹੈ। ਸਰਕਾਰ ਦੁਆਰਾ ਮੱਛੀ ਪਾਲਣ ਕਿੱਤੇ ਦੇ ਪ੍ਰਸਾਰ ਲਈ ਸਮੇਂ-ਸਮੇਂ 'ਤੇ ਨਵੀਆਂ ਸਕੀਮਾਂ ਲਿਆਂਦੀਆਂ ਜਾ ਰਹੀਆਂ ਹਨ।

## ਕਿੱਤੇ ਨੂੰ ਸ਼ੁਰੂ ਕਰਨ ਲਈ ਵਿੱਤੀ ਮਦਦ

ਸਾਲ 2020-21 ਤੋਂ PMMSY ਪ੍ਰਧਾਨ ਮੰਤਰੀ ਮਤੱਸਯਾ ਸੰਪਰਦਾ ਯੋਜਨਾ (ਪੀਐਮਐਮਐਸਵਾਈ) ਸਕੀਮ ਚੱਲ ਰਹੀ ਹੈ ਜਿਸ ਵਿੱਚ ਮੱਛੀ ਪਾਲਣ ਤੇ ਝੀਂਗਾ ਪਾਲਣ ਦਾ ਕੰਮ ਕਰਨ ਦੇ ਚਾਹਵਾਨ ਕਿਸਾਨਾਂ ਲਈ ਨਵੇਂ ਤਲਾਬ ਦੀ ਉਸਾਰੀ, Biofloc, RAS System ਅਤੇ ਮੱਛੀ ਵਿਕਰੇਤਾ ਲਈ Fish Kiosik, Motor Cycle With Ice-Box ਥ੍ਰੀ-ਵ੍ਹੀਲਰ ਸਮੇਤ ਆਇਸ ਬਾਕਸ, ਰੈਫਰੀਜ਼ਰੇਟਰ ਵਾਲਾ ਵਹੀਕਲ, ਇੰਸੂਲੇਟਿਡ ਵਹੀਕਲ, ਫਿਸ਼ ਫੀਡ ਮਿੱਲ ਆਦਿ ਲਈ ਐਸਸੀ/ਐਸਟੀ ਅਤੇ ਔਰਤਾਂ ਲਈ ਯੂਨਿਟ ਕਾਸਟ ਦਾ 60% ਤੇ ਜਨਰਲ ਵਰਗ ਲਈ 40% ਦੀ ਦਰ ਨਾਲ ਵਿੱਤ ਮਦਦ ਵਜੋਂ ਪ੍ਰਦਾਨ ਕੀਤੀ ਜਾ ਰਹੀ ਹੈ।

## ਕੌਮੀ ਮੱਛੀ ਪਾਲਕ ਦਿਵਸ ਦੀ ਸ਼ੁਰੂਆਤ

ਹਰ ਸਾਲ 10 ਜੁਲਾਈ ਨੂੰ ਕੌਮੀ ਮੱਛੀ ਪਾਲਕ ਦਿਵਸ ਵਜੋਂ ਦੇਸ਼ ਭਰ ਵਿੱਚ ਮਨਾਇਆ ਜਾਂਦਾ ਹੈ। ਇਹ ਦਿਨ ਮਨਾਉਣ ਦੀ ਸ਼ੁਰੂਆਤ ਭਾਰਤ ਸਰਕਾਰ ਵੱਲੋਂ 2001 ਵਿੱਚ ਮੱਛੀ ਪਾਲਣ ਦੇ ਖੇਤਰ ਨਾਲ ਜੁੜੇ ਹੋਏ ਕਿਸਾਨਾਂ, ਮਜ਼ਦੂਰਾਂ, ਮੱਛੀ ਵਿਕਰੇਤਾਵਾਂ ਅਤੇ ਵਿਗਿਆਨੀਆਂ ਦੁਆਰਾ ਕੀਤੀ ਜਾ ਰਹੀ ਅਣਥੱਕ ਮਿਹਨਤ ਨੂੰ ਮਾਨਤਾ ਦੇਣ, ਦੇਸ਼ ਵਿੱਚ ਵਧ ਰਹੀ ਆਬਾਦੀ ਲਈ ਪ੍ਰੋਟੀਨ ਭਰਪੂਰ ਭੋਜਨ ਪੈਦਾ ਕਰ ਕੇ ਲੋਕਾਂ ਤੱਕ ਪਹੁੰਚਣ ਲਈ ਅਤੇ ਕੁਦਰਤੀ ਸੋਮਿਆਂ ਦੀ ਸਾਂਭ-ਸੰਭਾਲ ਕਰਦੇ ਹੋਏ ਮੱਛੀ ਪਾਲਣ ਨੂੰ ਹੁਲਾਰਾ ਦੇਣ ਲਈ ਕੀਤੀ ਗਈ।



# ਝੋਨੇ ਵਿੱਚ ਬੂਟਿਆਂ ਦੇ ਟਿੱਡਿਆਂ ਦੇ ਹਮਲੇ ਤੋਂ ਰਹੋ ਸੁਚੇਤ

ਪੰਜਾਬ ਵਿੱਚ ਚਿੱਟੀ ਪਿੱਠ ਵਾਲਾ ਟਿੱਡਾ ਅਤੇ ਭੂਰਾ ਟਿੱਡਾ ਝੋਨੇ ਦੀ ਫ਼ਸਲ ਦਾ ਨੁਕਸਾਨ ਕਰਦੇ ਹਨ। ਬੱਚੇ ਅਤੇ ਬਾਲਗ ਟਿੱਡੇ ਜੁਲਾਈ ਤੋਂ ਅਕਤੂਬਰ ਤੱਕ ਬੂਟਿਆਂ ਦਾ ਰਸ ਚੂਸਦੇ ਹਨ। ਹਮਲੇ ਵਾਲੇ ਬੂਟੇ ਸੁੱਕਣ ਕਾਰਨ ਟਿੱਡੇ ਨੇੜਲੇ ਨਰੋਏ ਬੂਟਿਆਂ ਤੇ ਚਲੇ ਜਾਂਦੇ ਹਨ ਅਤੇ ਇਸ ਤਰ੍ਹਾਂ ਬੂਟੇ ਦੌਗੀਆਂ / ਧੌੜੀਆਂ ਵਿੱਚ ਸੁੱਕਣੇ ਸ਼ੁਰੂ ਹੋ ਜਾਂਦੇ ਹਨ। ਨੁਕਸਾਨ ਤੋਂ ਬਚਣ ਲਈ ਇਸ ਕੀੜੇ ਦਾ ਲਗਾਤਾਰ ਨਿਰੀਖਣ ਕਰਦੇ ਰਹੋ ਅਤੇ ਸਮੇਂ ਸਿਰ ਰੋਕਥਾਮ ਲਈ ਉਪਰਾਲੇ ਕਰੋ :-


| ਹਾਨੀਕਾਰਕ ਕੀੜਾ | ਕੀਟਨਾਸ਼ਕ | | ਮਾਤਰਾ/ ਏਕੜ |
|---|---|---|---|
| | ਜ਼ਹਿਰ | ਮਾਰਕਾ | |
| ਬੂਟਿਆਂ ਦੇ ਟਿੱਡੇ | ਅਜ਼ੈਡੀਰੈਕਟਿਨ 5% | ਇਕੋਟਿਨ | 80 ਮਿਲੀਲਿਟਰ |
| | ਫਲੂਪਾਈਰੀਮਿਨ | ਵਿਓਲਾ 10 ਐਸ ਸੀ | 300 ਮਿਲੀਲਿਟਰ |
| | ਫਲੋਨਿਕਾਮਿਡ | ਉਲਾਲਾ 50 ਡਬਲਯੂ ਜੀ | 60 ਗ੍ਰਾਮ |
| | ਟ੍ਰਾਈਫਲੂਮੀਜ਼ੋਪਾਇਰਮ | ਪੈਕਸਾਲੋਨ 10 ਐਸ ਸੀ | 94 ਮਿਲੀਲਿਟਰ |
| | ਡਾਇਨੋਟੈਫੂਰਾਨ | ਟੋਕਨ/ਓਸ਼ੀਨ/ ਡੋਮਿਨੇਂਟ 20 ਐਸ ਜੀ | 80 ਗ੍ਰਾਮ |
| | ਪਾਈਮੈਟਰੋਜ਼ਿਨ | ਚੈੱਸ 50 ਡਬਲਯੂ ਜੀ | 120 ਗ੍ਰਾਮ |
| | ਬੈਂਜ਼ਪਾਇਰੀਮੋਕਸਾਨ | ਆਰਕੈਸਟਰਾ 10 ਐਸ ਸੀ | 400 ਮਿਲੀਲਿਟਰ |
| | ਫਲੂਪਾਇਰੀਮਿਨ | ਇਮੇਜਿਨ/ਵਿਓਲਾ 10 ਐਸ ਸੀ | 300 ਮਿਲੀਲਿਟਰ |
| | ਕੁਇਨਲਫਾਸ | ਏਕਾਲਕਸ/ਕੁਇਨਗਾਰਡ/ ਕੁਇਨਲਮਾਸ 25 ਈ ਸੀ | 800 ਮਿਲੀਲਿਟਰ |

### ਰੋਕਥਾਮ

ਬੂਟਿਆਂ ਨੂੰ ਟੇਢੇ ਕਰਕੇ ਦੋ-ਤਿੰਨ ਵਾਰ ਹਲਕਾ-ਹਲਕਾ ਥਾਪੜੋ / ਝਾੜੋ। ਜੇ 5 ਜਾਂ ਵੱਧ ਟਿੱਡੇ ਪ੍ਰਤੀ ਬੂਟਾ ਪਾਣੀ ਉੱਤੇ ਤਰਦੇ ਦਿਖਾਈ ਦੇਣ ਤਾਂ ਕਿਸੇ ਇੱਕ ਕੀਟਨਾਸ਼ਕ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕੋ।

### ਚਿਤਾਵਨੀਆਂ

ੳ) ਛਿੜਕਾਅ ਕਰਨ ਵੇਲੇ ਪੰਪ ਦੇ ਫ਼ੁਹਾਰੇ ਦਾ ਰੁਖ਼ ਬੂਟਿਆਂ ਦੇ ਮੁੱਢਾਂ ਵੱਲ ਰੱਖੋ ਤਾਂ ਜੋ ਰਸਾਇਣ ਬੂਟਿਆਂ ਦੇ ਮੁੱਢਾਂ ਤੇ ਜ਼ਰੂਰ ਪਵੇ ਜਿੱਥੇ ਇਹ ਕੀੜੇ ਵਧੇਰੇ ਹੁੰਦੇ ਹਨ।




ਅ) ਜੇ ਕੀੜੇ ਦਾ ਹਮਲਾ ਦੌਗੀਆਂ/ਧੌੜੀਆਂ ਵਿੱਚ ਹੋਵੇ ਤਾਂ ਕੀਟਨਾਸ਼ਕ ਦਾ ਛਿੜਕਾਅ ਸਾਰੇ ਖੇਤ ਦੀ ਬਜਾਏ ਅਜਿਹੀਆਂ ਦੌਗੀਆਂ/ਧੌੜੀਆਂ ਉੱਪਰ ਅਤੇ ਇਨ੍ਹਾਂ ਦੇ ਆਲੇ-ਦੁਆਲੇ ਤਿੰਨ-ਚਾਰ ਮੀਟਰ ਦੇ ਘੇਰੇ ਅੰਦਰ ਆਉਂਦੇ ਤੰਦਰੁਸਤ ਬੂਟਿਆਂ ਤੇ ਹੀ ਕਰੋ ਕਿਉਂਕਿ ਟਿੱਡਿਆਂ ਦੀ ਜ਼ਿਆਦਾ ਗਿਣਤੀ ਇਨ੍ਹਾਂ ਥਾਂਵਾਂ ਤੇ ਹੀ ਹੁੰਦੀ ਹੈ।

**ਰਣਵੀਰ ਸਿੰਘ ਅਤੇ ਵਿਨੈ ਸਿੰਘ,**
**ਕ੍ਰਿਸ਼ੀ ਵਿਗਿਆਨ ਕੇਂਦਰ, ਮਾਨਸਾ**
(ਮੋ. 80734-35740)


ਖੇਤੀ ਦੁਨੀਆਂ
ਚੰਦਿਆਂ 'ਤੇ ਵਿਸ਼ੇਸ਼ ਛੂਟ
ਇੱਕ ਸਾਲ ਲਈ 300/- ਰੁਪਏ
ਦੋ ਸਾਲ ਲਈ 500/- ਰੁਪਏ
ਇੱਕ/ਦੋ ਸਾਲ ਦੇ ਮੈਂਬਰ ਬਣਨ ਤੋਂ ਬਾਅਦ ਵੱਟਸਐਪ ਰਾਹੀਂ ਸਰਵਿਸ ਮੁਫ਼ਤ ਪ੍ਰਾਪਤ ਕਰੋ।
ਇਹ ਸਕੀਮ 30 ਸਤੰਬਰ, 2025 ਤੱਕ ਹੈ।
ਵਟਸਐਪ ਰਾਹੀਂ ਪ੍ਰਾਪਤ ਕਰਨ ਲਈ ਸਾਲਾਨਾ ਚੰਦਾ ਸਿਰਫ 100/-* ਰੁਪਏ
KHETI DUNIYAN
TID - 62763351
ਚੰਦੇ ਭਰਨ ਲਈ QR ਕੋਡ ਸਕੈਨ ਕਰੋ।
ਖੇਤੀ ਦੁਨੀਆਂ
ਕੇ. ਡੀ. ਕੰਪਲੈਕਸ, ਗਊਸ਼ਾਲਾ ਰੋਡ, ਨੇੜੇ ਸ਼ੇਰੇ ਪੰਜਾਬ ਮਾਰਕਿਟ, ਪਟਿਆਲਾ-147001
ਵਧੇਰੇ ਜਾਣਕਾਰੀ ਲਈ 'ਤੇ ਸੰਪਰਕ ਕਰੋ : ਮੋ. 90410-14575
Website : www.khetiduniyan.in
E-mail : khetiduniyan1983@gmail.com

# ਮੱਕੀ ਦੇ ਪੱਤਿਆਂ ਅਤੇ ਟਾਂਡਿਆਂ ਦੇ ਗਲਣ ਤੇ ਝੁਲਸ ਰੋਗ ਦੀ ਰੋਕਥਾਮ ਜ਼ਰੂਰੀ

ਮੱਕੀ ਇੱਕ ਬਹੁਪੱਖੀ ਅਨਾਜੀ ਫ਼ਸਲ ਹੈ, ਜੋ ਮਨੁੱਖੀ ਭੋਜਨ, ਪਸ਼ੂਆਂ ਦੀ ਖ਼ੁਰਾਕ, ਅਤੇ ਉਦਯੋਗਿਕ ਤੌਰ 'ਤੇ ਬੀਜੀ ਜਾਂਦੀ ਹੈ। ਇਹ ਪੰਜਾਬ ਵਿੱਚ ਸਾਉਣੀ ਦੀ ਪ੍ਰਮੁੱਖ ਫ਼ਸਲ ਹੈ, ਜਿਸ ਨੂੰ ਝੋਨੇ ਦੇ ਮੁਕਾਬਲੇ ਘੱਟ ਪਾਣੀ ਦੀ ਲੋੜ ਹੁੰਦੀ ਹੈ ਅਤੇ ਝੋਨੇ-ਕਣਕ ਦੇ ਫ਼ਸਲੀ ਚੱਕਰ ਵਿੱਚ ਅਹਿਮ ਭੂਮਿਕਾ ਨਿਭਾਉਂਦੀ ਹੈ। ਇਸ ਦੀ ਬਿਜਾਈ ਪਠਾਨਕੋਟ, ਹੁਸ਼ਿਆਰਪੁਰ, ਸ਼ਹੀਦ ਭਗਤ ਸਿੰਘ ਨਗਰ, ਜਲੰਧਰ, ਰੂਪਨਗਰ ਅਤੇ ਗੁਰਦਾਸਪੁਰ ਆਦਿ ਜ਼ਿਲ੍ਹਿਆਂ ਵਿੱਚ ਵੱਡੇ ਪੱਧਰ 'ਤੇ ਕੀਤੀ ਜਾਂਦੀ ਹੈ। ਮੱਕੀ ਦੀ ਉਤਪਾਦਕਤਾ ਨੂੰ ਪ੍ਰਭਾਵਤ ਕਰਨ ਵਾਲੀਆਂ ਕਈ ਬਿਮਾਰੀਆਂ ਦਾ ਹਮਲਾ ਹੁੰਦਾ ਹੈ, ਇਨ੍ਹਾਂ ਵਿੱਚੋਂ ਪੱਤਿਆਂ ਅਤੇ ਟਾਂਡੇ ਦਾ ਝੁਲਸ ਰੋਗ ਤੇ ਟਾਂਡੇ ਗਲਣ ਦੀਆਂ ਗੰਭੀਰ ਬਿਮਾਰੀਆਂ ਹਨ, ਜੋ ਬਰਸਾਤਾਂ ਵਿੱਚ ਨਮੀ ਤੇ ਗਰਮ ਤਾਪਮਾਨ ਕਰਕੇ ਤੇਜ਼ੀ ਨਾਲ ਫੈਲਦੀਆਂ ਹਨ। ਜੇਕਰ ਸਮੇਂ ਸਿਰ ਇਸ ਦਾ ਨਿਰੀਖਣ ਨਾ ਕੀਤਾ ਜਾਵੇ ਤਾਂ ਇਹ ਫ਼ਸਲ ਨੂੰ ਭਾਰੀ ਨੁਕਸਾਨ ਪਹੁੰਚਾ ਸਕਦੀਆਂ ਹਨ। ਇਸ ਲਈ ਬਰਸਾਤਾਂ ਦੇ ਮੌਸਮ ਵਿੱਚ ਇਨ੍ਹਾਂ ਦੀ ਸੁਚੱਜੀ ਰੋਕਥਾਮ ਅਤਿ ਜ਼ਰੂਰੀ ਹੋ ਜਾਂਦੀ ਹੈ।

### ਪੱਤਿਆਂ ਤੇ ਟਾਂਡੇ ਦਾ ਝੁਲਸ ਰੋਗ

ਇਸ ਬਿਮਾਰੀ ਦੇ ਹਮਲੇ ਨਾਲ ਮੱਕੀ ਦੇ ਟਾਂਡੇ ਅਤੇ ਛੱਲੀਆਂ ਦੇ ਆਲੇ-ਦੁਆਲੇ ਪੱਤਿਆਂ 'ਤੇ ਫਿੱਕੇ ਅਤੇ ਗੂੜ੍ਹੇ ਸਲੇਟੀ ਰੰਗ ਦੇ ਧੱਬੇ ਪੈ ਜਾਂਦੇ ਹਨ। ਹੌਲੀ-ਹੌਲੀ ਇਹ ਧੱਬੇ ਇੱਕ ਦੂਸਰੇ ਨਾਲ ਮਿਲ ਕੇ ਸੱਪ ਦੀਆਂ ਕੌਡੀਆਂ ਵਰਗੇ ਨਜ਼ਰ ਆਉਂਦੇ ਹਨ। ਜ਼ਿਆਦਾ ਹਮਲੇ ਦੀ ਸੂਰਤ ਵਿੱਚ ਕਈ ਵਾਰ ਇਹ ਬਿਮਾਰੀ ਦੂਸਰੀਆਂ ਫ਼ਸਲਾਂ ਜਿਵੇਂ ਝੋਨਾ, ਗੰਨਾ ਆਦਿ 'ਤੇ ਵੀ ਹਮਲਾ ਕਰ ਦਿੰਦੀ ਹੈ। ਫ਼ਸਲ ਦੇ ਪੱਕਣ ਸਮੇਂ ਜ਼ਿਆਦਾ ਹਮਲੇ ਦੀ ਸੂਰਤ ਵਿੱਚ ਕਾਲੇ ਰੰਗ ਦੀਆਂ ਮਘੋਰੜੀਆਂ (ਸਕਲੇਰੋਸ਼ੀਆ) ਵੀ ਦਾਣਿਆਂ ਅਤੇ ਛੱਲੀਆਂ ਦੇ ਪਰਦੇ ਉੱਤੇ ਦੇਖਣ ਨੂੰ ਮਿਲ ਜਾਂਦੀਆਂ ਹਨ। ਅਖ਼ੀਰ ਗੰਭੀਰ ਹਮਲੇ ਹੇਠ ਆਈਆਂ ਛੱਲੀਆਂ ਦੇ ਦਾਣੇ ਵੀ ਸੁੱਕ ਜਾਂਦੇ ਹਨ। ਇਹ ਮਘੋਰੜੀਆਂ ਵਾਢੀ ਤੋਂ ਬਾਅਦ ਜ਼ਮੀਨ ਵਿੱਚ ਕਈ ਸਾਲ ਤੱਕ ਜੀਵਿਤ ਰਹਿੰਦੀਆਂ ਹਨ ਅਤੇ ਫਿਰ ਅਗਲੇ ਸਾਲ ਅਨੁਕੂਲ



ਹਾਲਤ ਵਿੱਚ ਫ਼ਸਲ 'ਤੇ ਹਮਲਾ ਕਰਦੀਆਂ ਹਨ।

**ਰੋਕਥਾਮ** : ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ ਤਾਂ ਜੋ ਸਮੇਂ ਸਿਰ ਬਿਮਾਰੀ 'ਤੇ ਕਾਬੂ ਪਾਇਆ ਜਾ ਸਕੇ। ਇਸ ਦੀ ਰੋਕਥਾਮ ਲਈ ਜਿਵੇਂ ਹੀ ਬਿਮਾਰੀਆਂ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ 100 ਮਿਲੀਲਿਟਰ ਐਮੀਸਟਾਰ ਟੌਪ 325 ਐਸ.ਸੀ. (ਅਜ਼ੋਕਸੀਸਟਰੋਬਿਨ + ਡਾਈਫਿਨੋਕੋਨਾਜ਼ੋਲ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ। ਲੋੜ ਪੈਣ 'ਤੇ 15 ਦਿਨ ਦੇ ਵਕਫ਼ੇ 'ਤੇ ਦੁਹਰਾਓ।

### ਟਾਂਡੇ ਗਲਣ ਦਾ ਰੋਗ

ਇਹ ਰੋਗ ਇੱਕ ਜੀਵਾਣੂ ਕਰਕੇ ਹੁੰਦਾ ਹੈ। ਇਸ ਦਾ ਹਮਲਾ ਬਰਸਾਤਾਂ ਵਿੱਚ ਗਰਮੀ ਤੇ ਨਮੀ ਕਰਕੇ ਜ਼ਿਆਦਾ ਹੁੰਦਾ ਹੈ। ਇਸ ਰੋਗ ਨਾਲ ਤਣੇ ਦੀ ਦੂਜੀ ਜਾਂ ਤੀਜੀ ਗੰਢ ਵਾਲੇ ਹਿੱਸੇ ਉੱਤੇ ਪਾਣੀ ਭਿੱਜੇ ਨਿਸ਼ਾਨ ਪੈ ਜਾਂਦੇ ਹਨ, ਜਿਸ ਦੇ ਨਾਲ ਤਣਾ ਹੌਲੀ-ਹੌਲੀ ਗਲਣਾ ਸ਼ੁਰੂ ਹੋ ਜਾਂਦਾ ਹੈ। ਇਸ ਬਿਮਾਰੀ ਦੀਆਂ ਮੁੱਖ ਨਿਸ਼ਾਨੀਆਂ ਤਣੇ ਦੇ ਬਾਹਰਲੇ ਹਿੱਸੇ ਦਾ ਹਰਾਪਣ ਖ਼ਤਮ ਹੋ ਜਾਣਾ ਅਤੇ ਤਣੇ ਵਿੱਚੋਂ ਬਦਬੂ ਆਉਂਦੀ ਹੈ। ਬਿਮਾਰੀ ਵਾਲਾ ਤਣਾ ਬਿਮਾਰੀ ਵਿੱਚ ਉਬਲਿਆ ਹੋਇਆ ਨਜ਼ਰ ਆਉਂਦਾ ਹੈ। ਬਿਮਾਰੀ ਹੇਠ ਆਇਆ ਤਣਾ ਹੇਠਲੇ ਹਿੱਸੇ ਤੋਂ ਟੁੱਟ ਵੀ ਸਕਦਾ ਹੈ। ਅਗਸਤ-ਸਤੰਬਰ ਦੇ ਮਹੀਨਿਆਂ ਵਿੱਚ ਜ਼ਿਆਦਾ ਮੀਂਹ ਪੈਣ ਨਾਲ ਖੇਤਾਂ ਦੇ ਵਿੱਚ ਪਾਣੀ ਖੜ੍ਹਾ ਹੋ ਜਾਂਦਾ ਹੈ, ਜਿਸ ਕਰਕੇ ਇਹ ਬਿਮਾਰੀ ਬੜੀ ਤੇਜ਼ੀ ਨਾਲ ਫੈਲਦੀ ਹੈ।

**ਰੋਕਥਾਮ** : ਜਿਹੜੇ ਖੇਤਾਂ ਵਿੱਚ ਪਾਣੀ ਦੇ ਨਿਕਾਸ ਦੀ ਸਮੱਸਿਆ ਹੈ, ਉਨ੍ਹਾਂ ਖੇਤਾਂ ਵਿੱਚ ਮੱਕੀ ਦੀ ਬਿਜਾਈ ਵੱਟਾਂ 'ਤੇ ਕਰਨੀ ਚਾਹੀਦੀ ਹੈ। ਬਰਸਾਤਾਂ ਵਿੱਚ ਇਸ ਬਿਮਾਰੀ ਤੋਂ ਬਚਣ ਲਈ ਖੇਤਾਂ ਵਿੱਚ ਪਾਣੀ ਦਾ ਨਿਕਾਸ ਅਤੇ ਬੂਟਿਆਂ ਵਿਚਕਾਰ ਸਹੀ ਫ਼ਾਸਲਾ ਰੱਖਣਾ ਚਾਹੀਦਾ ਹੈ। ਖੇਤਾਂ ਦਾ ਲਗਾਤਾਰ ਸਰਵੇਖਣ ਕਰਦੇ ਰਹਿਣਾ ਚਾਹੀਦਾ ਹੈ ਅਤੇ ਜਦੋਂ ਵੀ ਬਿਮਾਰੀ ਦੇ ਲੱਛਣ ਕੁਝ ਬੂਟਿਆਂ 'ਤੇ ਨਜ਼ਰ ਆਉਣ ਤਾਂ ਉਨ੍ਹਾਂ ਬੂਟਿਆਂ ਦੇ ਮੁੱਢਾਂ ਨੂੰ ਪੁੱਟ ਕੇ ਨਸ਼ਟ ਕਰ ਦੇਣਾ ਚਾਹੀਦਾ ਹੈ।

**ਪਰਮਿੰਦਰ ਕੌਰ ਸਹਿਜਪਾਲ, ਪਰਮਿੰਦਰ ਸਿੰਘ ਸੰਧੂ ਤੇ ਪਰਵਿੰਦਰ ਸਿੰਘ, ਫਾਰਮ ਸਲਾਹਕਾਰ ਸੇਵਾ ਕੇਂਦਰ, ਤਰਨ ਤਾਰਨ**